ੴ ਵਾਹਿਗੁਰੂ ਜੀ ਕੀ ਫਤਿਹ

ਮਾਸਿਕ ਪੱਤਰ


# ਸੂਰਾ

Sura Monthly



ਸੰਤਾ ਕੇ ਕਾਰਜਿ ਆਪਿ ਖਲੋਇਆ
ਹਰਿ ਕੰਮੁ ਕਰਾਵਣਿ ਆਇਆ ਰਾਮ ॥

www.AKJ.Org



ਸ੍ਰੀ ਦਰਬਾਰ ਸਾਹਿਬ ਅੰਮ੍ਰਿਤਸਰ ਵਿਖੇ ਨਗਰ-ਕੀਰਤਨ ਦਾ ਇਕ ਦ੍ਰਿਸ਼



ਸ੍ਰੀ ਦਰਬਾਰ ਸਾਹਿਬ ਅੰਮ੍ਰਿਤਸਰ ਦਾ ਇਕ ਹਵਾਈ ਦ੍ਰਿਸ਼

www.AKJ.Org

ਜਾ ਕਉ ਹਰਿ ਰੰਗੁ ਲਾਗੋ ਇਸੁ ਜੁਗ ਮਹਿ ਸੋ ਕਹੀਅਤ ਹੈ ਸੂਰਾ ॥

# ਸੂਰਾ

ਮਾਸਿਕ ਪੱਤਰ

ਅਖੰਡ ਕੀਰਤਨੀ ਜੱਥੇ ਵਲੋਂ ਨਿਰੋਲ ਗੁਰਮਤਿ ਮਾਸਿਕ ਪੱਤਰ

Read SURA at Internet : www.surainternational. com

ਜਿਲਦ 35 ਅਗਸਤ 2001 ਅੰਕ 8

## ਗੁਰਪੁਰਬ ਤੇ ਇਤਿਹਾਸਕ ਦਿਹਾੜੇ

| | |
|---|---|
| ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਪਹਿਲਾ ਪ੍ਰਕਾਸ਼ | 19 ਅਗਸਤ |
| ਪਾ: 5 ਗੁਰਿਆਈ ਮਿਲੀ | 20 ਅਗਸਤ |
| ਪਾ: 4 ਜੋਤੀ ਜੋਤਿ ਸਮਾਏ | 21 ਅਗਸਤ |
| ਪਾ: 4 ਗੁਰਿਆਈ ਮਿਲੀ | 31 ਅਗਸਤ |

## ਚੰਦਿਆਂ ਦਾ ਵੇਰਵਾ

| | | |
|---|---|---|
| ਦੇਸ਼ ਸਾਲਾਨਾ | | 40 ਰੁ: |
| ਅਮਾਨਤੀ ਲਾਈਫ ਮੈਂਬਰ | | 400 ਰੁ: |
| ਵਿਦੇਸ਼ | ਸਮੁੰਦਰੀ ਡਾਕ | ਹਵਾਈ ਡਾਕ |
| ਸਾਲਾਨਾ | 140 ਰੁ: | 400 ਰੁ: |
| ਅਮਾਨਤੀ ਲਾਈਫ ਮੈਂਬਰ | 1400 ਰੁ: | 4000 ਰੁ: |

## ਚੰਦਾ ਭੇਜਣ ਦਾ ਪਤਾ

***ਸੂਰਾ*** ਮਾਸਿਕ ਪੱਤਰ, ਹੈੱਡਕੁਆਟਰ

ਅਖੰਡ ਕੀਰਤਨੀ ਜੱਥਾ

ਸ਼ਹੀਦ ਗੰਜ ਖਾਲਸਾ ਮੈਮੋਰੀਅਲ ਸਕੂਲ,

ਰੇਲਵੇ ਬੀ-ਬਲਾਕ, ਅੰਮ੍ਰਿਤਸਰ-143001

ਫੋਨ : 546320

## ਤਤਕਰਾ

| | |
|---|---|
| ਮਹੀਨਾ ਭਾਦਰੋਂ | 3 |
| ਪਾਠਕਾਂ ਦੇ ਨਾਂ ਅਪੀਲ | 6 |
| ਗੁਰਮਤਿ ਅਧਿਆਤਮ ਕਰਮ ਫਿਲਾਸਫੀ | 8 |
| ਗੁਰਮਤਿਅਚਲੁਹੈਚਲਾਇਨਸਕੈਕੋਇ॥ | 11 |
| ਮੋਹਿਣਾ ਅਤੇ ਸੋਹਿਣਾ-ਇਕ ਅਦਭੁਤ ਚਮਤਕਾਰ | 13 |
| ਡਾਕਟਰ ਸੁਰਿੰਦਰ ਸਿੰਘ ਜੀ ਦੀ ਭਾਈ ਸਾਹਿਬ ਭਾਈ ਰਣਧੀਰ ਸਿੰਘ ਜੀ ਨਾਲ ਪਹਿਲ ਮਿਲਣੀ | 16 |
| ਸਮਾਗਮ | 19 |
| ਸੁਖਮਨੀ ਦਾ ਨੂਰ | 20 |
| ਦਾਸਤਾਨ ਚਾਲੀ ਮੁਕਤਿਆਂ ਦੀ | 28 |
| Sri Guru Granth Sahib | 35 |
| Status of Woman Conferred by Guru Nanak Dev Ji | 37 |

ਸੂਰਾ ਪੱਤਰ ਵਿਚ ਛਪੇ ਵਿਚਾਰਾਂ ਨਾਲ ਸੂਰਾ ਪਰਿਵਾਰ ਦਾ ਸਹਿਮਤ ਹੋਣਾ ਜ਼ਰੂਰੀ ਨਹੀਂ ਹੈ।

12-I ਭਾਈ ਰਣਧੀਰ ਸਿੰਘ ਨਗਰ ਲੁਧਿਆਣਾ ਤੋਂ ਪ੍ਰਕਾਸ਼ਤ ਕਰਵਾ ਕੇ, ਬਲਦੇਵ ਸਿੰਘ ਸੰਪਾਦਕ, ਪ੍ਰਿੰਟਰ, ਪਬਲਿਸ਼ਰ ਨੇ ਅਖੰਡ ਕੀਰਤਨੀ ਜਥਾ ਦੇ ਹੈਡਕੁਆਟਰ ਸ਼ਹੀਦ ਗੰਜ ਖਾਲਸਾ ਮੈਮੋਰੀਅਲ ਸਕੂਲ ਰੇਲਵੇ ਕਾਲੋਨੀ ਬੀ-ਬਲਾਕ ਅੰਮ੍ਰਿਤਸਰ ਤੋਂ ਜਾਰੀ ਕੀਤਾ।

www.AKJ.Org

## ਪਾਠਕਾਂ ਪ੍ਰਤੀ ਬੇਨਤੀ

ਆਪ ਜੀ ਨੂੰ ਸੂਚਿਤ ਕੀਤਾ ਜਾਂਦਾ ਹੈ ਕਿ ਸੂਰਾ ਮਾਸਿਕ ਪੱਤਰ ੧੫-੭-੨੦੦੧ ਤੋਂ ਸ੍ਰੀ ਅੰਮ੍ਰਿਤਸਰ ਵਿਖੇ ਹੇਠ ਲਿਖੇ ਪਤੇ ਤੋਂ ਕੰਮ ਕਰ ਰਿਹਾ ਹੈ। ਆਪ ਜੀ ਅੱਗੇ ਵਾਸਤੇ ਚਿੱਠੀ ਪੱਤਰ ਇਸੇ ਪਤੇ ਤੇ ਕਰਨਾ ਜੀ। ਮਨੀਆਰਡਰ, ਡਰਾਫਟ ਅਤੇ ਚੈੱਕ ਭੀ ਇਸੇ ਹੀ ਪਤੇ ਤੇ ਭੇਜਣੇ ਜੀ। ਡਰਾਫਟ/ਚੈੱਕ ਅੰਮ੍ਰਿਤਸਰ ਦੇ ਬੈਂਕ ਦੇ ਹੀ ਹੋਣੇ ਚਾਹੀਦੇ ਹਨ।

ਪਤਾ : ਸੂਰਾ ਮਾਸਿਕ ਪੱਤਰ
ਹੈੱਡ ਕੁਆਟਰ, ਅਖੰਡ ਕੀਰਤਨੀ ਜਥਾ
ਸ਼ਹੀਦ ਗੰਜ ਖਾਲਸਾ ਮੈਮੋਰੀਅਲ ਸਕੂਲ
ਰੇਲਵੇ-ਬੀ ਬਲਾਕ ਅੰਮ੍ਰਿਤਸਰ।
ਟੈਲੀਫੋਨ ਨੰ: ੫੪੬੩੨੦
ਵਲੋਂ - ਮੈਨੇਜਰ

## ਸੂਰਾ ਪੱਤਰ ਹਰ ਮਹੀਨੇ ਬਗੈਰ ਭੇਟਾ ਦੇ ਪ੍ਰਾਪਤ ਕਰੋ ਜੀ

ਸੂਰਾ ਪੱਤਰ ਹਰ ਮਹੀਨੇ ਆਪਣੇ ਘਰ ਮੰਗਵਾਉਣ ਦੇ ਚਾਹਵਾਨ, ਲੋੜਵੰਦ ਸੱਜਣ ਹੇਠਾਂ ਦਿੱਤੇ ਪਤੇ ਤੇ ਆਪਣਾ ਪਤਾ ਭੇਜ ਦੇਣ ਉਨ੍ਹਾਂ ਨੂੰ ਬਿਨਾਂ ਕਿਸੇ ਚੰਦੇ ਦੇ ਸੂਰਾ ਹਰ ਮਹੀਨੇ ਭੇਜਿਆ ਜਾਵੇਗਾ।

1. Doamond Copy House Scf-6 Sec. 27 D Chandigarh.
   Telephone No 656614/656429/653906.
2. Ho 136-1407 Indl Area Chandigarh
   Phone 655514/657503
   Fax - 0172 - 674063, mobile 98140/44587
   (R) 609218/647/187/674462

## ਮੋਖ ਰਹਿਤ ਲੜੀਵਾਰ ਗੁਟਕੇ

ਨਿਤਨੇਮ ਅਤੇ ਸੁਖਮਨੀ ਸਾਹਿਬ ਦੇ ਲੜੀਦਾਰ ਗੁਟਕੇ ਬਿਨਾਂ ਕਿਸੇ ਭੇਟਾ, ਮੋਖ ਰਹਿਤ ਪ੍ਰਾਪਤ ਕਰਨ ਲਈ ਸੰਪਰਕ ਕਰੋ:-

1. ਮਾਸਟਰ ਜਸਵੰਤ ਸਿੰਘ ਜ਼ੀ. 542 ਈਸਟ ਮੋਹਨ ਨਗਰ ਅੰਮ੍ਰਿਤਸਰ।
2. ਸ੍ਰ ਗੁਰਪ੍ਰੀਤ ਸਿੰਘ 67 D, ਡਾ. ਮੁਖਰਜੀ ਨਗਰ ਦਿੱਲੀ ਫੋਨ 7654833

ਨੋਟ :- ਗੁਟਕੇ ਡਾਕ ਰਾਹੀਂ ਨਹੀਂ ਭੇਜੇ ਜਾਣਗੇ। ਚਾਹਵਾਨ ਸੱਜਣ ਇਸਨੂੰ ਅੱਗੇ ਨਹੀਂ ਵੇਚਣਗੇ।


www.AKJ.Org

# ਭਾਦਰੋਂ

*ਭਾਦਉ ਭਰਮਿ ਭੁਲੀ ਭਰਿ ਜੋਬਨਿ ਪਛੁਤਾਣੀ॥*
*ਜਲ ਥਲ ਨੀਰਿ ਭਰੇ ਬਰਸ ਰੁਤੇ ਰੰਗੁ ਮਾਣੀ॥*
*ਬਰਸੈ ਨਿਸਿ ਕਾਲੀ ਕਿਉ ਸੁਖੁ ਬਾਲੀ ਦਾਦਰ ਮੋਰ ਲਵੰਤੇ॥*
*ਪ੍ਰਿਉ ਪ੍ਰਿਉ ਚਵੈ ਬਬੀਹਾ ਬੋਲੇ ਭੁਇਅੰਗਮ ਫਿਰਹਿ ਡਸੰਤੇ॥*
*ਮਛਰ ਡੰਗ ਸਾਇਰ ਭਰ ਸੁਭਰ ਬਿਨੁ ਹਰਿ ਕਿਉ ਸੁਖੁ ਪਾਈਐ॥*
*ਨਾਨਕ ਪੂਛਿ ਚਲਉ ਗੁਰ ਅਪੁਨੇ ਜਹ ਪ੍ਰਭੁ ਤਹ ਹੀ ਜਾਈਐ॥ ੧੦॥*

**ਪਦ ਅਰਥ:** ਭਰਮਿ—ਭਟਕਣਾ ਵਿਚ। ਭੁਲੀ—ਕੁਰਾਹੇ ਪੈ ਗਈ। ਭਰਿ ਜੋਬਨਿ—ਪੂਰੇ ਜੋਬਨ ਵਿਚ, ਪੂਰੇ ਜੋਬਨ ਸਮੇ। ਨੀਰਿ—ਪਾਣੀ ਨਾਲ। ਬਰਸ ਰੁਤੇ - ਵਰਖਾ ਦੀ ਰੁੱਤੇ। ਰੰਗੁ ਮਾਣੀ—ਰੰਗ ਮਾਣਦੀ। ਨਿਸਿ—ਰਾਤ ਵੇਲੇ। ਦਾਦਰ—ਡੱਡੂ। ਲਵੰਤੇ—ਬੋਲਦੇ ਹਨ। ਚਵੈ—ਬੋਲਦਾ ਹੈ। ਭੁਇਅੰਗਮ—ਸੱਪ। ਡਸੰਤੇ—ਡੰਗ ਮਾਰਦੇ। ਸਾਇਰ—ਸਮੁੰਦਰ, ਸਰੋਵਰ, ਤਲਾਬ। ਭਰ ਸੁਭਰ—ਨੱਕਾ-ਨੱਕ ਭਰੇ ਹੋਏ। ਚਲਉ—ਮੈਂ ਚੱਲਾਂ। ਜਹ—ਜਿਥੇ। ਤਹ—ਤਿਥੇ।

**ਅਰਥ:** ਭਾਦਰੋਂ (ਦਾ ਮਹੀਨਾ) ਆ ਗਿਆ ਹੈ। ਵਰਖਾ ਰੁੱਤ ਵਿਚ ਟੋਏ ਟਿੱਬੇ ਪਾਣੀ ਨਾਲ ਭਰੇ ਹੋਏ ਹਨ, ਇਸ ਨਜ਼ਾਰੇ ਦਾ ਰੰਗ ਮਾਣਿਆ ਜਾ ਸਕਦਾ ਹੈ। (ਪਰ) ਜਿਹੜੀ ਇਸਤ੍ਰੀ ਭਰ-ਜੋਬਨ ਵਿਚ (ਜੋਬਨ ਦੇ ਮਾਣ ਦੇ) ਭੁਲੇਖੇ ਵਿਚ ਗ਼ਲਤੀ ਖਾ ਗਈ, ਉਸ ਨੂੰ (ਪਤੀ ਦੇ ਵਿਛੋੜੇ ਵਿਚ) ਪਛਤਾਣਾ ਹੀ ਪਿਆ (ਉਸ ਨੂੰ ਨੀਰ-ਭਰੇ ਥਾਂ ਚੰਗੇ ਨਾ ਲੱਗੇ)

ਕਾਲੀ ਰਾਤ ਨੂੰ ਮੀਂਹ ਵਰ੍ਹਦਾ ਹੈ, ਡੱਡੂ ਗੁੜੈਂ ਗੁੜੈਂ ਕਰਦੇ ਹਨ, ਮੋਰ ਕੁਹਕਦੇ ਹਨ, ਪਪੀਹਾ ਭੀ 'ਪ੍ਰਿਉ ਪ੍ਰਿਉ' ਕਰਦਾ ਹੈ, (ਪਰ ਪਤੀ ਤੋਂ ਵਿਛੜੀ) ਨਾਰ ਨੂੰ (ਇਸ ਸੁਹਾਵਣੇ ਰੰਗ ਤੋਂ) ਅਨੰਦ ਨਹੀਂ ਮਿਲਦਾ। ਉਸ ਨੂੰ ਤਾਂ (ਭਾਦਰੋਂ ਵਿਚ ਇਹੀ ਦਿਸਦਾ ਹੈ ਕਿ) ਸੱਪ ਡੰਗਦੇ ਫਿਰਦੇ ਹਨ, ਮੱਛਰ ਡੰਗ ਮਾਰਦੇ ਹਨ। ਚੁਫੇਰੇ ਛੱਪੜ-ਤਲਾਬ (ਮੀਂਹ ਦੇ ਪਾਣੀ ਨਾਲ) ਨੱਕਾ-ਨੱਕ ਭਰੇ ਹੋਏ ਹਨ। (ਬਿਰਹਣੀ ਨਾਰ ਨੂੰ ਇਸ ਵਿਚ ਕੋਈ ਸੁਹਜ ਸੁਆਦ ਨਹੀਂ ਦਿਸਦਾ)।

(ਇਸੇ ਤਰ੍ਹਾਂ ਜਿਸ ਜੀਵ-ਇਸਤ੍ਰੀ ਨੂੰ ਪ੍ਰਭੂ-ਪਤੀ ਤੋਂ ਵਿਛੋੜੇ ਦਾ ਅਹਿਸਾਸ ਹੋ ਜਾਂਦਾ ਹੈ, ਉਸ ਨੂੰ) ਪ੍ਰਭੂ ਦੀ ਯਾਦ ਤੋਂ ਬਿਨਾ ਹੋਰ ਕਿਸੇ ਰੰਗ-ਤਮਾਸ਼ੇ ਵਿਚ ਆਤਮਕ ਅਨੰਦ ਨਹੀਂ ਮਿਲਦਾ।

ਹੇ ਨਾਨਕ! (ਆਖ-) ਮੈਂ ਤਾਂ ਆਪਣੇ ਗੁਰੂ ਦੀ ਸਿਖਿਆ ਉਤੇ ਤੁਰ ਕੇ (ਉਸ ਦੇ ਦੱਸੇ ਰਾਹ ਉਤੇ) ਤੁਰਾਂਗੀ, ਜਿਥੇ ਪ੍ਰਭੂ-ਪਤੀ ਮਿਲ ਸਕਦਾ ਹੋਵੇ, ਉਥੇ ਹੀ ਜਾਵਾਂਗੀ। ੧੦।

ਭਾਵ: ਗੁਰੂ ਦੇ ਦੱਸੇ ਰਸਤੇ ਉਤੇ ਤੁਰ ਕੇ ਜਿਸ ਮਨੁੱਖ ਦਾ ਮਨ ਪਰਮਾਤਮਾ ਦੀ ਸਿਫਤਿ-ਸਾਲਾਹ ਵਿਚ ਗਿੱਝ ਜਾਂਦਾ ਹੈ, ਪਰਮਾਤਮਾ ਦੀ ਯਾਦ ਤੋਂ ਬਿਨਾਂ ਹੋਰ ਕਿਸੇ ਭੀ ਰੰਗ-ਤਮਾਸ਼ੇ ਵਿਚ ਉਸ ਨੂੰ ਆਤਮਕ ਅਨੰਦ ਨਹੀਂ ਮਿਲਦਾ।

*ਵਿਆਖਿਆ ਪ੍ਰੋਫੈਸਰ ਸਾਹਿਬ ਸਿੰਘ ਜੀ*



www.AKJ.Org

ਗੁਰੂ ਸੰਵਾਰੇ ਭਾਈ ਸਾਹਿਬ ਭਾਈ ਰਾਮ ਸਿੰਘ ਜੀਓ —

ਜਥੇਦਾਰ ਅਖੰਡ ਕੀਰਤਨੀ ਜਥਾ:-

ਵਾਹਿਗੁਰੂ ਜੀ ਕਾ ਖਾਲਸਾ॥

ਵਾਹਿਗੁਰੂ ਜੀ ਕੀ ਫਤਿਹ॥

ਬੇਨਤੀ ਹੈ ਕਿ ਸੂਰਾ ਮਾਸਕ ਪੱਤਰ ਦੀ ਪ੍ਰਕਾਸ਼ਨਾ ਸੰਬੰਧੀ ਜੋ ਸੇਵਾ ਸੰਗਤ ਵਲੋਂ, ਆਪ ਜੀ ਨੇ ਲੁਧਿਆਣਾ ਦੀ ਸੰਗਤ ਨੂੰ ਬਖਸ਼ੀ ਸੀ, ਉਹ ਲੁਧਿਆਣੇ ਦੀ ਸੰਗਤ ਨੇ ਅਗਸਤ ੧੯੯੪ ਤੋਂ ਲੈ ਕੇ ਅੱਜ ਤੱਕ ਗੁਰੂ ਪਾਤਿਸ਼ਾਹ ਦੀ ਅਪਾਰ ਬਖਸ਼ਸ਼ ਅਤੇ ਸਮੂਹ ਸੰਗਤਾਂ ਦੀਆਂ ਅਸੀਸਾਂ ਨਾਲ ਨਿਭਾਹੀ ਹੈ। ਹੁਣ ਅੱਗੇ ਵਾਸਤੇ ਬੇਨਤੀ ਹੈ ਕਿ ਅਸੀਂ ਇਸ ਸੇਵਾ ਨੂੰ ਜਾਰੀ ਰੱਖਣ ਤੋਂ ਅਸਮਰੱਥ ਹਾਂ। ਸੋ ਕ੍ਰਿਪਾ ਕਰਕੇ ਅਗਸਤ ੨੦੦੧ ਦੇ "ਸੂਰੇ" ਲਈ ਬਦਲਵੇਂ ਪ੍ਰਬੰਧ ਕਰਨੇ ਜੀ।

ਆਪ ਜੀ ਦੇ ਧੰਨਵਾਦੀ ਹੋਵਾਂਗੇ।

**ਦਾਸਰੇ**

ਸਹੀ-
ਹਰਿੰਦਰਪਾਲ ਸਿੰਘ
੧੧/੬/੨੦੦੧

ਸਹੀ-
ਹਰਬੰਸ ਸਿੰਘ
ਸੰਪਾਦਕ

ਸਹੀ-
ਅਮਰਜੀਤ ਸਿੰਘ

ਸਹੀ-
ਅਜੀਤ ਸਿੰਘ
ਬਲਬੀਰ ਸਿੰਘ
ਪ੍ਰਮਿੰਦਰ ਸਿਘ

(ਵਾਸਤੇ ਸੰਗਤ ਲੁਧਿਆਣਾ)



www.AKJ.Org

## ਗੁਰੂ ਸੁਆਰੇ ਭਾਈ ਹਰਬੰਸ ਸਿੰਘ ਜੀ,

*(ਸੰਪਾਦਕ, ਮਾਸਿਕ ਸੂਰਾ)*

ਵਾਹਿਗੁਰੂ ਜੀ ਕਾ ਖਾਲਸਾ॥

ਵਾਹਿਗੁਰੂ ਜੀ ਕੀ ਫਤਿਹ॥

ਆਪ ਵਲੋਂ ਸੂਰਾ ਮਾਸਿਕ ਪੱਤਰ ਦੀ ਪ੍ਰਕਾਸ਼ਨਾਂ ਦੇ ਬਦਲਵੇਂ ਪ੍ਰਬੰਧ ਸੰਬੰਧੀ ਲਿਖੇ ਪੱਤਰ ਜਿਸ ਵਿਚ ਕਿ ਆਪ ਜੀ ਸਮੇਤ ਭਾਈ ਅਜੀਤ ਸਿੰਘ, ਭਾਈ ਬਲਬੀਰ ਸਿੰਘ, ਭਾਈ ਪਰਮਿੰਦਰ ਸਿੰਘ, ਭਾਈ ਹਰਿੰਦਰਪਾਲ ਸਿੰਘ, ਭਾਈ ਅਮਰਜੀਤ ਸਿੰਘ ਦੇ ਦਸਤਖ਼ਤਾਂ ਹੇਠ ਸੂਰਾ ਮਾਸਿਕ ਪੱਤਰ ਦੀ ਪ੍ਰਕਾਸ਼ਨਾਂ ਜਾਰੀ ਰੱਖਣ ਵਿਚ ਅਸਮਰੱਥਾ ਪ੍ਰਗਟਾਈ ਗਈ ਹੈ ਅਤੇ ਅਗਸਤ ੨੦੦੧ ਦੇ ਪਰਚੇ ਤੋਂ ਬਦਲਵਾਂ ਪ੍ਰਬੰਧ ਕਰਨ ਲਈ ਕਿਹਾ ਗਿਆ ਸੀ, ਦੀ ਰੌਸ਼ਨੀ ਵਿਚ ਸੰਗਤਾਂ ਨਾਲ ਦੀਰਘ ਵਿਚਾਰ ਚਰਚਾ ਉਪਰੰਤ ਇਹ ਫੈਸਲਾ ਲਿਆ ਗਿਆ ਹੈ ਕਿ ਸੂਰੇ ਦਾ ਦਫ਼ਤਰ ਹੁਣ ਲੁਧਿਆਣਾ ਤੋਂ ਤਬਦੀਲ ਕਰਕੇ ਅਖੰਡ ਕੀਰਤਨੀ ਜਥੇ ਦੇ ਹੈੱਡ ਕੁਆਟਰ ਸ਼ਹੀਦ ਗੰਜ ਖਾਲਸਾ ਮੈਮੋਰੀਅਲ ਸਕੂਲ, ਰੇਲਵੇ ਬੀ-ਬਲਾਕ, ਅੰਮ੍ਰਿਤਸਰ ਵਿਖੇ ਲਿਆਂਦਾ ਜਾਵੇ।

ਇਸ ਮੌਕੇ ਸੰਗਤ ਵੱਲੋਂ ਸੰਪਾਦਕ ਸੂਰਾ ਮਾਸਿਕ ਭਾਈ ਹਰਬੰਸ ਸਿੰਘ ਸਮੇਤ ਸੂਰੇ ਵਿਚ ਯੋਗਦਾਨ ਪਾਉਣ ਵਾਲੇ ਸਮੂਹ ਸਿੰਘਾਂ ਦੀ ਪੁਰਜ਼ੋਰ ਸ਼ਲਾਘਾ ਕੀਤੀ ਗਈ।

ਗੁਰੂ ਪੰਥ ਦਾ ਦਾਸਰਾ

(ਰਾਮ ਸਿੰਘ) ਜੱਥੇਦਾਰ

ਅਖੰਡ ਕੀਰਤਨੀ ਜੱਥਾ (ਅੰਤਰਰਾਸ਼ਟਰੀ)

ਮੁੱਖ ਦਫਤਰ :- ਸ਼ਹੀਦ ਗੰਜ

ਬੀ.ਬਲਾਕ, ਰੇਲਵੇ ਕਲੋਨੀ, ਅੰਮ੍ਰਿਤਸਰ

ਮਿਤੀ ੯.੭.੨੦੦੧



www.AKJ.Org

# ਜੱਥੇਦਾਰ ਭਾਈ ਸਾਹਿਬ ਭਾਈ ਰਾਮ ਸਿੰਘ ਜੀ ਮੁਖੀ ਅਖੰਡ ਕੀਰਤਨੀ ਜਥਾ ਵੱਲੋਂ ਸੰਗਤਾਂ/ਪਾਠਕਾਂ ਦੇ ਨਾਂ ਤੇ ਅਪੀਲ

ਗੁਰਮੁਖ ਪਿਆਰਿਓ,

ਵਾਹਿਗੁਰੂ ਜੀ ਕਾ ਖਾਲਸਾ॥

ਵਾਹਿਗੁਰੂ ਜੀ ਕੀ ਫਤਿਹ॥

ਲੁਧਿਆਣੇ ਦੇ ਸੰਪਾਦਕੀ ਬੋਰਡ ਦੀ ਸਿਫਾਰਸ਼ ਤੇ **ਸੂਰਾ ਮਾਸਿਕ ਪੱਤਰ** ਸ੍ਰੀ ਅੰਮ੍ਰਿਤਸਰ ਵਿਖੇ ਲਿਆਉਣਾ ਪਿਆ। ਹੁਣ ਇਹ ਮਾਸਿਕ ਪੱਤਰ ਹੈੱਡ ਕੁਆਟਰ ਆਖੰਡ ਕੀਰਤਨੀ ਜਥਾ ਸ਼ਹੀਦ ਗੰਜ ਖਾਲਸਾ ਮੈਮੋਰੀਅਲ ਸਕੂਲ, ਰੇਲਵੇ ਕਲੋਨੀ 'ਬੀ' ਬਲਾਕ ਤੋਂ ਜਾਰੀ ਹੋਇਆ ਕਰੇਗਾ। ਸੰਗਤਾਂ ਨੋਟ ਕਰਨ॥

ਦਾਸ ਭਾਈ ਹਰਬੰਸ ਸਿੰਘ ਸੰਪਾਦਕ 'ਸੂਰਾ' ਲੁਧਿਆਣਾ ਅਤੇ ਉਨ੍ਹਾਂ ਦੇ ਸੰਗੀ ਸਾਥੀਆਂ ਵੱਲੋਂ ਬਾਖੂਬੀ ਨਾਲ ਨਿਭਾਈ ਸੇਵਾ ਤੇ ਖੁਸ਼ੀ ਪ੍ਰਗਟ ਕਰਦਾ ਹੈ ਅਤੇ ਉਹ ਪ੍ਰਸ਼ੰਸਾ ਦੇ ਪਾਤਰ ਹਨ।

ਅੰਮ੍ਰਿਤਸਰ ਵਿਖੇ, ਸੂਰਾ ਮਾਸਿਕ ਪੱਤਰ ਨੂੰ ਨਿਰੋਲ ਧਾਰਮਿਕ, ਅਤੇ ਪਖਪਾਤ ਆਦਿ ਤੋਂ ਵਿਰਵਾ ਰੱਖਿਆ ਜਾਵੇਗਾ।

ਸੂਰਾ ਦੀ ਚੜ੍ਹਦੀ ਕਲਾ ਲਈ ਦਾਸ ਸਮੁਚੀਆਂ ਸੰਗਤਾਂ ਅਤੇ ਖਾਸ ਕਰਕੇ ਜਥੇ ਨਾਲ ਸੰਬੰਧਿਤ ਦੇਸ ਪ੍ਰਦੇਸ ਵਿਚ ਵਿਚਰ ਰਹੇ ਗੁਰੂ ਕਿਆਂ ਲਾਲਾਂ ਨੂੰ ਬੇਨਤੀ ਕਰਦਾ ਹੈ ਕਿ ਸੂਰਾ ਦੀ ਚੜ੍ਹਦੀ ਕਲਾ ਲਈ ਪੂਰਨ ਸਹਿਯੋਗ ਦੇਣ ਦੀ ਕ੍ਰਿਪਾਲਤਾ ਕਰਨ-

ਗੁਰੂ ਪੰਥ ਦਾ ਸੇਵਾਦਾਰ

ਸਹੀ।

(ਰਾਮ ਸਿੰਘ)

ਜਥੇਦਾਰ ਅਖੰਡ ਕੀਰਤਨੀ ਜਥਾ,

ਸ਼ਹੀਦ ਗੰਜ਼ ਖਾਲਸਾ ਮੈਮੋਰੀਅਲ ਸਕੂਲ

ਅੰਮ੍ਰਿਤਸਰ।

ਹੈੱਡ ਕੁਆਟਰ ਅਖੰਡ ਕੀਰਤਨੀ ਜਥਾ।



www.AKJ.Org

ਇਹ ਹਥਲਾ 'ਸੂਰਾ' ਸ਼ਹੀਦ ਗੰਜ ਖਾਲਸਾ ਮੈਮੋਰੀਅਲ ਸਕੂਲ, ਰੇਲਵੇ ਕਲੌਨੀ 'ਬੀ' ਬਲਾਕ ਤੋਂ ਜਾਰੀ ਹੋ ਕੇ ਆਪ ਜੀ ਦੀ ਸੇਵਾ ਵਿਚ ਹਾਜ਼ਿਰ ਹੈ। ਪੈਂਤੀ ਸਾਲਾਂ ਦੇ ਲੰਬੇ ਸਫਰ ਵਿਚ 'ਸੂਰਾ' ਪਟਿਆਲਾ, ਜਲੰਧਰ, ਅੰਮ੍ਰਿਤਸਰ, ਲੁਧਿਆਣਾ ਅਤੇ ਹੁਣ ਫਿਰ ਅੰਮ੍ਰਿਤਸਰ ਵਿਚ ਤਸ਼ਰੀਫ ਲਿਆਇਆ ਹੈ।

ਲੁਧਿਆਣਾ ਵਿਖੇ ਭਾਈ ਹਰਬੰਸ ਸਿੰਘ ਜੀ, ਭਾਈ ਬਲਬੀਰ ਸਿੰਘ, ਭਾਈ ਹਰਿੰਦਰਪਾਲ ਸਿੰਘ, ਭਾਈ ਅਜੀਤ ਸਿੰਘ, ਭਾਈ ਅਮਰਜੀਤ ਸਿੰਘ ਅਤੇ ਭਾਈ ਪਰਮਿੰਦਰ ਸਿੰਘ ਨੇ ਬੜੀ ਮਿਹਨਤ ਨਾਲ 'ਸੂਰਾ' ਚਲਾਇਆ, ਸੂਰਾ ਪਰਿਵਾਰ ਅੰਮ੍ਰਿਤਸਰ ਉਨ੍ਹਾਂ ਦੀ ਸ਼ਲਾਘਾ ਕਰਦਿਆਂ, ਚੜ੍ਹਦੀ ਕਲਾ ਦੀ ਅਰਦਾਸ ਕਰਦਾ ਹੈ। ਆਸ ਹੈ ਕਿ ਉਪਰੋਕਤ ਗੁਰਮੁਖ ਜਨ ਅੰਮ੍ਰਿਤਸਰ ਵਿਖੇ ਵੀ ਸੂਰਾ ਨੂੰ ਸਹਿਯੋਗ ਦੇ ਕੇ ਨਿਵਾਜਦੇ ਰਹਿਣਗੇ।

ਸੂਰਾ ਪਰਿਵਾਰ ਨੂੰ ਹਦਾਇਤਾਂ ਜਾਰੀ ਕਰਦਿਆਂ ਜਥੇਦਾਰ ਭਾਈ ਸਾਹਿਬ ਭਾਈ ਰਾਮ ਸਿੰਘ ਜੀ ਮੁਖੀ ਅਖੰਡ ਕੀਰਤਨੀ ਜਥਾ ਨੇ ਇੱਛਾ ਪ੍ਰਗਟ ਕੀਤੀ ਹੈ ਕਿ ਇਸ ਪੰਥਕ ਮੈਗਜ਼ੀਨ ਨੂੰ ਨਿਰੋਲ ਧਾਰਮਿਕ ਅਤੇ ਨਿਰਪੱਖ ਰੱਖਿਆ ਜਾਵੇ, 'ਸੂਰਾ' ਇਨ੍ਹਾਂ ਹਦਾਇਤਾਂ ਦੀ ਇੰਨ ਬਿੰਨ ਪਾਲਣਾ ਕਰੇਗਾ।

ਸੂਰਾ ਪਰਿਵਾਰ ਅੰਮ੍ਰਿਤਸਰ


www.AKJ.Org

# ਗੁਰਮਤਿ ਅਧਿਆਤਮ ਕਰਮ ਫਿਲਾਸਫੀ

*(ਭਾਈ ਸਾਹਿਬ ਭਾਈ ਰਣਧੀਰ ਸਿੰਘ ਜੀ)*

(ਲੜੀ ਜੋੜਨ ਲਈ ਸੂਰਾ ਜੁਲਾਈ ੨੦੦੧ ਦੇਖੋ)

ਗੁਰਮਤਿ ਸਿਮਰਨ ਕਰਮ ਦੀ ਵਡਾਈ ਇਸ ਗੁਰਵਾਕ ਅੰਦਰਿ ਵਿਲੱਖਣਤਾ ਪੂਰਬਕ ਜਣਾਈ ਗਈ ਹੈ—

*ਸਲੋਕੁ-*

*ਬਹੁ ਸਾਸਤ੍ਰ ਬਹੁ ਸਿਮ੍ਰਿਤੀ ਪੇਖੇ ਸਰਬ ਢਢੋਲਿ॥*
*ਪੂਜਸਿ ਨਾਹੀ ਹਰਿ ਹਰੇ ਨਾਨਕ ਨਾਮ ਅਮੋਲ॥ ੧॥*

*—ਅਸਟਪਦੀ—*

*ਜਾਪ ਤਾਪ ਗਿਆਨ ਸਭਿ ਧਿਆਨ॥ ਖਟ ਸਾਸਤ੍ਰ ਸਿਮ੍ਰਿਤਿ ਵਖਿਆਨ॥*
*ਜੋਗ ਅਭਿਆਸ ਕਰਮ ਧ੍ਰਮ ਕਿਰਿਆ॥ ਸਗਲ ਤਿਆਗਿ ਬਨ ਮਧੇ ਫਿਰਿਆ॥*
*ਅਨਿਕ ਪ੍ਰਕਾਰ ਕੀਏ ਬਹੁ ਜਤਨਾ॥ ਪੁੰਨ ਦਾਨ ਹੋਮੇ ਬਹੁ ਰਤਨਾ॥*
*ਸਰੀਰੁ ਕਟਾਇ ਹੋਮੈ ਕਰਿ ਰਾਤੀ॥ ਵਰਤ ਨੇਮ ਕਰੈ ਬਹੁ ਭਾਤੀ॥*
*ਨਹੀ ਤੁਲਿ ਰਾਮ ਨਾਮ ਬੀਚਾਰ॥ ਨਾਨਕ ਗੁਰਮੁਖਿ ਨਾਮੁ ਜਪੀਐ ਇਕ ਬਾਰ॥ ੧॥*
*ਨਉ ਖੰਡ ਪ੍ਰਿਥਮੀ ਫਿਰੈ ਚਿਰੁ ਜੀਵੈ॥ ਮਹਾ ਉਦਾਸੁ ਤਪੀਸਰੁ ਥੀਵੈ॥*
*ਅਗਨਿ ਮਾਹਿ ਹੋਮਤ ਪਰਾਨ॥ ਕਨਿਕ ਅਸ੍ਵ ਹੈਵਰ ਭੂਮਿ ਦਾਨ॥*
*ਨਿਉਲੀ ਕਰਮ ਕਰੈ ਬਹੁ ਆਸਨ॥ ਜੈਨ ਮਾਰਗ ਸੰਜਮ ਅਤਿ ਸਾਧਨ॥*
*ਨਿਮਖ ਨਿਮਖ ਕਰਿ ਸਰੀਰੁ ਕਟਾਵੈ॥ ਤਉ ਭੀ ਹਉਮੈ ਮੈਲੁ ਨ ਜਾਵੈ॥*
*ਹਰਿ ਕੇ ਨਾਮ ਸਮਸਰਿ ਕਛੁ ਨਾਹਿ॥ ਨਾਨਕ ਗੁਰਮੁਖਿ ਨਾਮੁ ਜਪਤ ਗਤਿ ਪਾਹਿ॥ ੨॥*
*ਮਨ ਕਾਮਨਾ ਤੀਰਥ ਦੇਹ ਛੁਟੈ॥ ਗਰਬੁ ਗੁਮਾਨੁ ਨ ਮਨ ਤੇ ਹੁਟੈ॥*
*ਸੋਚ ਕਰੈ ਦਿਨਸੁ ਅਰੁ ਰਾਤਿ॥ ਮਨ ਕੀ ਮੈਲੁ ਨ ਤਨ ਤੇ ਜਾਤਿ॥*
*ਇਸੁ ਦੇਹੀ ਕਉ ਬਹੁ ਸਾਧਨਾ ਕਰੈ॥ ਮਨ ਤੇ ਕਬਹੂ ਨ ਬਿਖਿਆ ਟਰੈ॥*
*ਜਲਿ ਧੋਵੈ ਬਹੁ ਦੇਹ ਅਨੀਤਿ॥ ਸੁਧ ਕਹਾ ਹੋਇ ਕਾਚੀ ਭੀਤਿ॥*
*ਮਨ ਹਰਿ ਕੇ ਨਾਮ ਕੀ ਮਹਿਮਾ ਊਚ॥ ਨਾਨਕ ਨਾਮਿ ਉਧਰੇ ਪਤਿਤ ਬਹੁ ਮੂਚ॥ ੩॥*
*ਬਹੁਤੁ ਸਿਆਣਪ ਜਮ ਕਾ ਭਉ ਬਿਆਪੈ॥ ਅਨਿਕ ਜਤਨ ਕਰਿ ਤ੍ਰਿਸਨ ਨ ਧ੍ਰਾਪੈ॥*
*ਭੇਖ ਅਨੇਕ ਅਗਨਿ ਨਹੀ ਬੁਝੈ॥ ਕੋਟਿ ਉਪਾਵ ਦਰਗਹ ਨਹੀ ਸਿਝੈ॥*
*ਛੂਟਸਿ ਨਾਹੀ ਊਭ ਪਇਆਲਿ॥ ਮੋਹਿ ਬਿਆਪਹਿ ਮਾਇਆ ਜਾਲਿ॥*
*ਅਵਰ ਕਰਤੂਤਿ ਸਗਲੀ ਜਮੁ ਡਾਨੈ॥ ਗੋਵਿੰਦ ਭਜਨ ਬਿਨੁ ਤਿਲੁ ਨਹੀ ਮਾਨੈ॥*
*ਹਰਿ ਕਾ ਨਾਮੁ ਜਪਤ ਦੁਖੁ ਜਾਇ॥ ਨਾਨਕ ਬੋਲੈ ਸਹਜਿ ਸੁਭਾਇ॥ ੪॥*

*(ਗਉੜੀ ਸੁਖਮਨੀ ਮ: ੫, ਪੰਨਾ ੨੬੫-੬੬)*



www.AKJ.Org

**ਵਿਆਖਿਆ**— ਬਥੇਰੇ ਸ਼ਾਸਤ੍ਰ ਅਤੇ ਬਥੇਰੀਆਂ ਸਿਮ੍ਰਿਤੀਆਂ, ਹਿੰਦੂਆਂ ਦੀਆਂ ਮੁਖ ਧਰਮ ਪੁਸਤਕਾਂ, ਸਾਰੇ ਹੀ ਹਿੰਦੂ ਮਤ ਦੇ ਧਰਮ ਪੁਸਤਕ ਪੜਤਾਲ ਕੇ, ਪੜਚੋਲ ਕੇ ਸੋਧ ਡਿਠੇ ਹਨ। ਇਹਨਾਂ ਆਨਮਤ ਧਰਮ ਪੁਸਤਕਾਂ ਅੰਦਰਿ ਵਿਦਤਾਏ ਕਰਨ ਯੋਗ ਕਰਮ ਗੁਰੂ ਨਾਨਕ ਦਰਸਾਏ ਗੁਰਮਤਿ ਨਾਮ ਤੁਲਿ ਪਾਸੰਗ ਮਾਤਰ ਭੀ ਨਹੀਂ ਪੁਜਦੇ। ਗੁਰਮਤਿ ਨਾਮ ਕਰਮ ਬਹੁਤ ਹੀ ਅਮੋਲ ਹੈ। ਐਸਾ ਵਡਮੁੱਲਾ ਹੈ ਕਿ ਇਸ ਦਾ ਮੁੱਲ ਪੈ ਹੀ ਨਹੀਂ ਸਕਦਾ। ਅੱਤ ਅਮੋਲ ਹੈ। ਜਿਸ ਦੀ ਕੀਮਿਤ, ਜਿਸ ਦਾ ਮੁੱਲ ਪੈ ਹੀ ਨਹੀਂ ਸਕਦਾ।

(ਅਸਟਪਦੀ) ਹੁਣ ਆਨਮਤ ਕਰਮਾਂ ਦਾ ਵਿਸਥਾਰ ਦਸਦੇ ਹਨ। ਆਨਮਤ ਧਰਮਾਂ ਦੇ ਧਰਮਾਏ ਜਿਤਨੇ ਭੀ ਜਾਪ ਤਾਪ ਅਦਿਕ ਹਠ ਕਰਮ ਹਨ ਅਤੇ ਜਿਤਨੇ ਭੀ ਸ਼ੁਸ਼ਕ (ਫੋਕੇ) ਢਕੋਂਸਲਿਆਂ ਵਾਲੇ ਚੁੰਚ ਗਿਆਨ ਗਿਆਨਾਉਣ ਲਈ ਬਿਆਨੇ ਗਏ ਹਨ ਅਤੇ ਜਿਤਨੇ ਭੀ ਸਹਸ ਸਿਆਣਪੀ ਅਤੇ ਲਗਭਗ ਮਤੀ ਧਿਆਨ (meditations) ਧਿਆਨ ਧਿਆਉਣ ਲਈ ਵਖਾਣੇ ਗਏ ਹਨ ਇਹਨਾਂ ਸ਼ਾਸਤ੍ਰਾਂ ਸਿਮ੍ਰਿਤੀਆਂ ਆਦਿਕ ਪੁਸਤਕਾਂ ਅੰਦਰ, ਸਾਰੇ ਹੀ ਖਟ (ਛੇ) ਸ਼ਾਸਤ੍ਰਾਂ ਸਿਮ੍ਰਿਤੀਆਂ ਦੇ ਵਖਿਆਨ ਜਿਤਨੇ ਭੀ ਜੋਗ ਅਭਿਆਸ ਕਰਮ ਕਿਰਿਆ ਧਰਮ ਹਨ ਅਤੇ ਜਿਤਨੇ ਭੀ ਗ੍ਰਿਸਤ ਕੁਟੰਬ ਨੂੰ ਤਿਆਗ ਕੇ ਬਨਾਂ ਜੰਗਲਾਂ ਵਿਚਿ ਭਉਂਦੇ ਫਿਰਨ ਦੇ ਸਗਲੇ ਸੰਨਿਆਸ ਕਰਮ ਹਨ, ਜਿਤਨੇ ਭੀ ਅਨਿਕ ਪ੍ਰਕਾਰ ਦੇ ਜਤਨ ਸੰਜਮ ਹਨ ਇੰਦਰੇ ਇੰਦਰੀਆਂ ਨੂੰ ਰੋਕਣ ਦਮਨ ਕਰਨ ਦੇ ਅਤੇ ਜਿਤਨੇ ਭੀ ਬਹੁ ਰਤਨਾਂ ਨੂੰ ਅਰਪ ਕੇ ਪੁੰਨ ਦਾਨ ਕਰਨ ਵਾਲੇ ਕਿਰਿਆ ਕਰਮ ਹਨ, ਐਥੋਂ ਤਾਈਂ ਕਿ ਸਰੀਰ ਨੂੰ ਰੱਤੀ ਰੱਤੀ ਕਰ ਕੇ ਕਟਾਉਣ ਅਤੇ ਕਟਾ ਕੇ ਹੋਮਣ (ਹੋਮ ਵਿਚਿ ਪਾਉਣ) ਵਾਲੀਆਂ ਕੁਰਬਾਨੀਆਂ ਦੇ ਕਰਮ ਹਨ, ਅਤੇ ਜਿਤਨੇ ਭੀ ਬਹੁ ਬਹੁ ਭਾਂਤ ਦੇ ਨੇਮ ਰਖਣ ਦੇ ਆਨਮਤ ਸਿਧਾਂਤੀ ਸੰਜਮ ਹਨ। ਇਹ ਸਾਰੇ ਉਪਰ ਕਥੇ ਕਰਮ ਧਰਮ ਕਿਰਿਆ ਸੰਜਮ ਜਿਤਨੇ ਭੀ ਹਨ ਮਿਲ ਕੇ ਉਸ ਗੁਰਮਤਿ ਨਾਮ ਦੀ ਤੁਲਤਾ ਨਹੀਂ ਰਖਦੇ ਜੋ ਗੁਰੂ ਨਾਨਕ ਦੇ ਘਰ ਦੇ ਗੁਰਮੁਖ ਜਨ ਕੇਵਲ ਇਕ ਅਭਿਆਸ ਕਮਾਈ ਕਰਦੇ ਹਨ। ਗੁਰਮੁਖ ਜਨ ਦੀ ਕੀਤੀ ਇਕ ਬਾਰ ਦੀ ਗੁਰਮਤਿ ਨਾਮ ਅਭਿਆਸ ਕਮਾਈ (ਇਕ ਵਾਰ ਨਾਮ ਜਪ) ਦਾ ਫਲ ਉਪਰ ਦਸੇ ਸਾਰੇ ਆਨਮਤ ਕਰਮਾਂ ਨੂੰ ਕ੍ਰੋੜਾਂ ਬਾਰ ਕਰਨ ਦੇ ਫਲਾਂ ਤੋਂ ਅਧਿਕ ਵਧੇਰਾ ਅਤੇ ਵਡੇਰਾ ਹੈ॥ ੧॥

ਫੇਰ ਭਾਵੇਂ ਕੋਈ ਆਨਮਤ ਕਰਮੀ ਪੁਰਸ਼ ਨਉਖੰਡ ਪ੍ਰਿਥਵੀ ਵਿਖੇ ਭਉਂ ਭਉਂ ਭ੍ਰਮਿ ਥਕੇ, ਭਾਵੇਂ ਕੋਈ ਚਿਰੰਕਾਲ ਜੀਵਨ ਦੀ ਜੀਵਨੀ ਆਯੂ (ਉਮਰ) ਵਧਾ ਲਵੇ, ਭਾਵੇਂ ਕੋਈ ਮਹਾਂ ਉਦਾਸ ਕਰਮ ਵਾਲੀ ਉਦਾਸੀ ਹੋ ਕੇ ਅਤੇ ਉੱਗਰ ਤਪ ਕਰਨ ਵਾਲਾ ਤਪੀਸ਼ਰ ਹੋਵੇ ਅਤੇ ਮਹਾਂ ਮੋਨ ਸਾਧਣ ਵਾਲਾ ਮੁਨੀਸ਼ਰ ਹੋਵੇ, ਅਤੇ ਬਹੁ ਆਸਣਾਂ ਨੂੰ ਜਮਾ ਕੇ ਭਾਵੇਂ ਕੋਈ ਨਿਉਲੀ ਕਰਮ ਕਮਾਵਣਹਾਰਾ ਪ੍ਰਸਿੱਧ ਕਰਮੀਸ਼ਰ ਹੋਵੇ, ਅਤੇ ਜੈਨ ਮਾਰਗੀ ਸੰਜਮ ਸਾਧਣਹਾਰਾ ਭਾਵੇਂ ਕੋਈ ਕਿਤਨਾ ਵਡਾ ਸੰਜਮੀਸ਼ਰ ਹੋਵੇ ਅਤੇ ਭਾਵੇਂ ਕੋਈ ਨਿਮਖ ਨਿਮਖ ਕਰ ਕੇ (ਪੁਰਜ਼ਾ ਪੁਰਜ਼ਾ ਕਰ ਕੇ) ਸਰੀਰ ਕਟਾਉਣ ਵਾਲਾ ਹਠ ਹਠੀਸ਼ਰ ਹੋਵੇ, ਇਤਨੇ ਸਾਰੇ ਕਰਮ ਕਰਨਹਾਰਿਆਂ ਦੀ ਹਉਮੈ ਮੈਲ ਫੇਰ ਭੀ ਨਹੀਂ ਜਾਂਦੀ। ਤਾਂਤੇ ਨਾਮ ਦੀ ਸਮਸਰੀ (ਬਰਾਬਰੀ) ਤਸੂ ਮਾਤਰ ਭੀ ਇਹ ਉਪਰ ਦਸੇ ਸਾਰੇ ਕਰਮ ਨਹੀਂ ਰਖਦੇ। ਨਾਹੀਂ ਇਹਨਾਂ ਅਨੇਕਾਂ ਕਰਮਾਂ ਦੇ ਕੀਤਿਆਂ ਕਿਸੇ ਭੀ ਪ੍ਰਾਣੀ ਦੀ ਗਤਿ ਕਲਿਆਣ ਹੁੰਦੀ ਹੈ। ਪ੍ਰੰਤੂ ਗੁਰੂ ਨਾਨਕ ਦੇ ਘਰ ਦਾ ਦਰਸਾਇਆ ਹੋਇਆ ਗੁਰਮਤਿ ਨਾਮੁ ਅਭਿਆਸ ਕਰਮੁ ਕੋਟਾਨ ਕੋਟ ਪ੍ਰਾਣੀਆਂ ਦੀ, ਹਰ ਇਕ ਪ੍ਰਾਣੀ ਮਾਤਰ ਦੀ ਗਤਿ ਕਲਿਆਣ ਕਰਨ ਨੂੰ ਸਮਰੱਥ ਹੈ। ਗੁਰੂ ਬਾਬੇ ਨਾਨਕ, ਸੱਚੇ ਸਤਿਗੁਰੂ ਗੁਰੂ ਨਾਨਕ ਸਾਹਿਬ ਦੇ ਘਰ ਦੇ ਅਨੇਕਾਂ ਅਣਗਿਣਤ ਅਧਿਕਾਰੀ ਜਗਿਆਸੂ ਜਨ ਗੁਰਮਤਿ ਨਾਮ ਨੂੰ ਜਪਿ ਜਪਿ ਕੇ ਤਰ ਗਏ ਹਨ। ਭਵਜਲੋਂ ਪਾਰ ਪਰ ਗਏ ਹਨ। ਅਣਗਿਣਤ ਹੀ ਤੱਤ ਗਤੀ ਕਲਿਆਣ ਤਰਨੀ ਤਰ ਗਏ ਹਨ। ਅਣਗਿਣਤ ਹੀ ਅਗੇ ਨੂੰ ਤਰਦੇ ਰਹਿਣਗੇ॥ ੨॥

ਆਨਮਤਿ ਕਰਮ ਕਰਨਹਾਰਿਆਂ ਦੀ ਭਾਵੇਂ ਤੀਰਥਾਂ ਉਤੇ ਦੇਹ ਛੁਟਣ ਦੀ ਮਨੋ ਕਾਮਨਾ ਭੀ ਪੂਰੀ ਹੋ ਜਾਵੇ ਤਾਂ ਭੀ ਉਹਨਾਂ ਦੇ ਮਨ ਦਾ ਗਰਬ ਗੁਮਾਨ ਨਹੀਂ ਹੁੱਟਦਾ ਹੁੱਸਦਾ। ਸਗੋਂ ਇਸੇ ਗਰਬ ਗੁਮਾਨ ਦੇ ਬੱਧੇ ਹੋਏ ਅਗੇ ਨੂੰ ਅਨਿਕ ਜੋਨੀਆਂ ਵਿਚਿ ਭ੍ਰਮਿ ਭ੍ਰਮਿ ਚੋਟਾਂ ਖਾਂਦੇ ਹਨ। ਆਨਮਤੀ ਕਰਮ-ਕਾਂਡੀ ਪੁਰਸ਼ ਝੂਠੀਆਂ ਗਰਬ ਗਰੂਠੀਆਂ ਸੁੱਚਮਤਾਈਆਂ ਭਾਵੇਂ ਕਿਤਨੀਆਂ



www.AKJ.Org

ਹੀ ਕਰੇ, ਦਿਨੇ ਰਾਤਿ ਕਰਦਾ ਹੀ ਰਹੇ, ਪਰ ਮਨ ਦੀ ਗਰਬ ਗੁਮਾਨ ਮੈਲ ਜੋ ਉਹਨਾਂ ਦੇ ਸੂਖਮ ਸਰੀਰ ਨੂੰ ਲਗੀ ਹੋਈ ਹੈ, ਉਹ ਜਾਂਦੀ ਨਹੀਂ। ਤਨ ਨਾਲਿ ਹੀ ਚਿੰਮੜੀ ਰਹਿੰਦੀ ਹੈ। ਇਸ ਦੇਹੀ ਨੂੰ ਸਾਧਣ ਦੀਆਂ ਭਾਵੇਂ ਕਿੰਨੀਆਂ ਬਾਹਰਲੀਆਂ ਹਠ ਕਰਮਾਵੀ ਸਾਧਨਾਵਾਂ ਕੋਈ ਕਰੇ ਅਤੇ ਦਿਨ ਰਾਤ ਕਰਦਾ ਹੀ ਰਹੇ, ਉਸ ਦੇ ਮਨ ਤੋਂ ਬਿਖਿਆਵੀ ਬਲਾ ਕਦੇ ਨਹੀਂ ਟਲਦੀ। ''ਵਰਮੀ ਮਾਰੀ ਸਾਪੁ ਨ ਮਰਈ'', *''ਵਰਮੀ ਮਾਰੀ ਸਾਪੁ ਨ ਮਰੈ ਤਿਉ ਨਿਗੁਰੇ ਕਰਮ ਕਮਾਹਿ'', **ਜਿਵੇਂ ਖੁੱਡ ਵਰਮੀ ਨੂੰ ਕੁੱਟਿਆਂ ਵਿਚਲਾ ਸਰਪ ਨਹੀਂ ਮਰਦਾ ਤਿਵੇਂ ਬਾਹਰਲੇ ਭੇਖ ਦੇ ਹਠ ਕਰਮਾਂ ਦੁਆਰਾ ਦੇਹੀ ਨੂੰ ਕਸ਼ਟ ਦਿਤਿਆਂ ਮਨ ਨਹੀਂ ਮਰਦਾ। ਨਾ ਹੀ ਰੱਬ ਮਿਲਦਾ ਹੈ। ਇਕੁਰ ਦੇ ਮਨ-ਆਏ ਹਠ-ਕਰਮ ਨਿਗੁਰੇ ਪੁਰਸ਼ ਕਮਾਉਂਦੇ ਹਨ। ਮਨ ਵਿਚਿ ਤਾਂ ਅਨੀਤੀ ਬਦਨੀਤੀ ਵਾਲੀ ਕਪਟ ਕੁਟਲਤਾ ਭਰੀ ਹੋਈ ਹੋਵੇ ਅਤੇ ਦਿਖਾਵੇ ਮਾਤਰ ਦੇਹੀ ਨੂੰ ਜਲ ਨਾਲ ਧੋਵੇ ਤੇ ਲੋਕਾਂ ਨੂੰ ਨਹਾ ਨਹਾ ਕੇ ਦਿਖਾਵੇ, ਇਉਂ ਨਿਰੇ ਕਪਟ ਜਲ ਨਾਲ ਧੋਤਿਆਂ ਇਹ ਦੇਹੀ ਰੂਪੀ ਕਚੀ ਕੰਧ ਕਦੋਂ ਸੁਧ ਹੁੰਦੀ ਹੈ? ਅਰਥਾਤ ਕਦੰਤ ਭੀ ਸੁੱਧ ਨਹੀਂ ਹੁੰਦੀ। ਇਹਨਾਂ ਕਪੋਲ ਕਲਪਤ ਕਰਮਾਂ ਦੇ ਮੁਕਾਬਲ ਵਿਚਿ ਵਾਹਿਗੁਰੂ ਦੇ ਨਾਮ ਦੀ ਮਹਿਮਾ ਬੜੀ ਹੀ ਉੱਚੀ ਹੈ। ਗੁਰੂ ਨਾਨਕ ਦੇ ਘਰ ਦੀ ਬਖਸ਼ਸ਼ ਵਾਲੇ ਗੁਰਮਤਿ ਨਾਮ ਦੀ ਜਪਨ ਜਪ ਕਰਮ ਕਮਾਈ ਕਰ ਕੇ ਬੜੇ ਬੜੇ ਪਾਪੀ ਪਤਿਤ ਪੁਰਸ਼ ਬੇਅੰਤ ਹੀ ਤਰ ਉਧਰ ਗਏ ਹਨ। ਬੇਅੰਤ ਹੀ ਬੜੇ ਬੜੇ ਪਤਿਤਾਂ ਪਾਪੀਆਂ ਦਾ ਉਧਾਰੁ ਹੋ ਗਿਆ ਹੈ। ਪ੍ਰੰਤੂ ਅਨੇਕਾਂ ਉਪਰ ਕਥੇ ਸਾਰੇ ਦੇ ਸਾਰੇ ਆਨਮਤ ਕਰਮਾਂ ਦੇ ਕੀਤਿਆਂ ਅਜ ਤਾਈਂ ਕਿਸੇ ਭੀ ਪਤਿਤ ਅਤੇ ਪਾਪੀ ਪੁਰਸ਼ ਦਾ ਉਧਾਰ ਨਹੀਂ ਹੋਇਆ ਨਾ ਹੋਵੇਗਾ॥ ੩॥

ਬਹੁਤੇ ਸਿਆਣਪਾਂ ਵਾਲੇ ਕਰਮਾਂ ਦੇ ਕੀਤਿਆਂ ਸਗੋਂ ਜਮ ਦਾ ਭਉ ਵਿਆਪ ਜਾਂਦਾ ਹੈ। ਕਿਉਂਕਿ ਚਤੁਰਾਈ ਸਿਆਣਪ ਨਾਲਿ ਨੇਕਨੀਯਤੀ ਨਸ਼ਟ ਹੋ ਜਾਂਦੀ ਹੈ। ਆਨਮਤ ਨੇਸਤੋ ਨਾਬੂਦ ਹੋ ਜਾਂਦੀ ਹੈ। ਆਨਮਤ ਕਰਮਾਂ ਸੰਦੇ ਭਾਵੇਂ ਕੋਈ ਕ੍ਰੋੜਾਂ ਜਤਨ ਕਰੇ, ਪ੍ਰੰਤੂ ਤ੍ਰਿਸ਼ਨਾਲੂ ਪੁਰਸ਼ ਦੀ ਤ੍ਰਿਸ਼ਨਾ ਨਹੀਂ ਮਿਟਦੀ। ਤ੍ਰਿਸ਼ਨਾਲੂ ਪੁਰਸ਼ ਨੂੰ ਕਦੇ ਰੱਜ ਨਹੀਂ ਆਉਂਦਾ। ਉਸ ਦਾ ਤ੍ਰਿਸ਼ਨਾ ਦੀ ਭੁੱਖ ਵਾਲਾ ਮਨੂਆ ਕਦੇ ਧ੍ਰਾਪਦਾ (ਰਜਦਾ) ਹੀ ਨਹੀਂ। ਜਿਉਂ ਜਿਉਂ ਉਹ ਤ੍ਰਿਸ਼ਨਾਵੀ ਭੁੱਖ ਨੂੰ ਧ੍ਰਾਪਣ ਦਾ ਯਤਨ ਕਰਦਾ ਹੈ ਤਿਉਂ ਤਿਉਂ ਉਸ ਦੀ ਤ੍ਰਿਸ਼ਨਾ ਹੋਰ ਵਧੇਰੇ ਵਧਦੀ ਜਾਂਦੀ ਹੈ। ਅਨੇਕਾਂ ਆਨਮਤ ਭੇਖਾਂ ਦੇ ਕੀਤਿਆਂ ਅਤੇ ਭੇਖੀ ਕਰਮਾਂ ਦੇ ਕਮਾਇਆਂ ਹਿਰਦੇ ਦੀ ਤ੍ਰਿਸ਼ਨਾ ਅਤੇ ਦੁਬਿਧਾ ਮਈ ਅਗਨੀ ਨਹੀਂ ਬੁਝਦੀ। ਅਤੇ ਆਨਮੱਤ ਕਰਮਾਂ ਸੰਦੇ ਅਨੇਕਾਂ ਉਪਾਵਾਂ ਦੁਆਰਾ ਉਸ ਦੀ ਅਗੇ ਹਰਿ ਦਰਗਾਹੇ ਜਾ ਕੇ ਸੁਰਖ਼ਰੂਈ ਨਹੀਂ ਹੁੰਦੀ। ਉਪਰ ਨੂੰ ਬਾਹਾਂ ਕਰ ਕੇ ਖੜੋਤੇ ਰਹਿਣ ਅਤੇ ਬ੍ਰਿਛਾਂ ਤੇ ਚੜ੍ਹ ਕੇ ਟੰਗਾਂ ਨੂੰ ਟੰਗ ਕੇ ਹੇਠਾਂ ਨੂੰ ਲਮਕਣ ਵਾਲੇ ਊਭ ਪਇਆਲੀ ਕਰਮਾਂ ਦੇ ਕਰਨ ਕਰਿ ਕੋਈ ਨਹੀਂ ਛੁਟਦਾ (ਚੁਰਾਸੀ ਦੇ ਗੇੜ ਚੋਂ), ਕਿਸੇ ਦਾ ਭੀ ਛੁਟਕਾਰਾ ਨਹੀਂ ਹੁੰਦਾ, ਨਾ ਹੋਵੇਗਾ। ਉਸ ਪਖੰਡੀ ਦੇ ਊਭ ਪਇਆਲੀ (ਪੁਠੇ ਸਿਧੇ ਹੋਣ ਵਾਲੇ ) ਕਰਮ ਕੀ ਕਰਨਗੇ ਜਦੋਂ ਉਸ ਦਾ ਹਿਰਦਾ ਤਾਂ ਮਾਇਆਵੀ ਅਤੇ ਮੋਹ-ਮਮਤਾਵੀ ਕੁਟੰਬ ਦੇ ਜਾਲ ਨਾਲਿ ਜਕੜਿਆ ਪਿਆ ਹੈ। ਹੋਰ ਸਾਰੀ ਕਰਮ-ਕਰਤੂਤ ਨੂੰ ਅਤੇ ਆਨ ਸਗਲੇ ਕਰਮ-ਕਰਤੂਤੀਆਂ ਨੂੰ ਜਮੁ ਡੰਨ ਲਾਉਂਦਾ ਹੈ, ਸਜ਼ਾ ਦਿੰਦਾ ਹੈ। ਇਕ ਗੋਬਿੰਦ ਭਜਨ ਨੂੰ ਅਤੇ ਗੋਬਿੰਦ ਦੇ ਭਜਨ ਕਰਨ ਵਾਲਿਆਂ ਨੂੰ ਸਜ਼ਾ ਨਹੀਂ ਦਿੰਦਾ, ਦੇ ਹੀ ਨਹੀਂ ਸਕਦਾ। ਭਜਨ ਕਰਮੁ ਹੀ ਸਫਾਰਸ਼ ਰੂਪ ਹੈ। ਹੋਰ ਕਰਮ ਕਰਨਹਾਰਿਆਂ ਦੇ ਕਰਮਾਂ ਦੀ ਸਫਾਰਸ਼ (ਸ਼ਾਹਦੀ) ਉਹ (ਜਮ) ਮੰਨਦਾ ਹੀ ਨਹੀਂ। ਗੋਬਿੰਦ ਭਜਨ ਬਿਨ ਤਿਲ ਮਾਤਰ ਭੀ ਕੋਈ ਸਫਾਰਸ਼ ਉਸ ਨੂੰ ਮਨਜ਼ੂਰ ਨਹੀਂ, ਤਿਲ ਮਾਤਰ ਭੀ ਮਨਜ਼ੂਰ ਨਹੀਂ। ਵਾਹਿਗੁਰੂ ਦਾ ਨਾਮ ਜਪਣ ਕਰਕੇ ਸਗਲਾ ਦੁਖ ਜਮ ਦਾ ਤੇ ਜੰਮਣ ਮਰਨ ਦਾ ਦੂਰ ਕਾਫੂਰ ਹੋ ਜਾਂਦਾ ਹੈ। ਗੁਰੂ ਨਾਨਕ ਦੇ ਘਰ ਦੀ ਦਿੱਤੀ ਹੋਈ ਸਹਿਜ-ਸੁਖੈਨੀ ਗੁਰਮਤਿ ਜੁਗਤੀ ਦੁਆਰਾ ਨਾਮੁ ਸੁਭਾਖਿਆ ਅਭਿਆਖਿਆ ਹੋਇਆ ਬੋਲਿਆ ਹੋਇਆ ਸਦਾ ਕਾਰਗਰ ਅਤੇ ਸਫਲਾ ਹੁੰਦਾ ਹੈ। ਕਦੇ ਆਹਲਾ (ਖਾਲੀ) ਨਹੀਂ ਜਾਂਦਾ।

*(ਚਲਦਾ ਹੈ)*

---

*ਆਸਾ ਮ: ੫ ॥ ੧ ॥ (੪ ॥ ੩ ॥ ੪੨ ॥ ਪੰਨਾ ੩੮੧)

**ਵਡਹੰਸ ਕੀ ਵਾਰ, ਮ: ੩ ॥ ੨ ॥ (੬) ਪੰਨਾ ੫੮੮



www.AKJ.Org

*(ਵਲੋਂ—ਸੁਕੈਡਰਨ ਲੀਡਰ ਭਾਈ ਸਾਹਿਬ ਰਾਮ ਸਿੰਘ ਜੀ, ਜਥੇਦਾਰ ਅਖੰਡ ਕੀਰਤਨੀ ਜਥਾ)–*

# ਗੁਰਮਤਿਮਤਿਅਚਲੁਹੈਚਲਾਇਨਸਕੈਕੋਇ॥

*(ਸਲੋਕ ਮ: ੩, ਬਿਹਾਗੜੇ ਕੀ ਵਾਰ, ਪੰਨਾ ੫੪੮-੪੯)*

ਇਸ ਵਿਸਾਖੀ ਦੇ ਸਮਾਗਮ ਤੇ ਪੰਚਾਂ ਅਤੇ ਇਕ ਅੰਮ੍ਰਿਤ-ਅਭਿਲਾਖੀ ਜੋੜੇ ਦੇ ਵਿਚਕਾਰ ਜੋ ਗੱਲ-ਬਾਤ ਹੋਈ, ਉਹ ਆਮ ਸੰਗਤਿ ਦੇ ਗਿਆਤ ਲਈ ਜ਼ਰੂਰੀ ਸਮਝੀ ਗਈ ਹੈ।

ਇਕ ਸਿੰਘ ਤੇ ਸਿੰਘਣੀ : (ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਨੂੰ ਮੱਥਾ ਟੇਕ ਕੇ, ਉੱਠ ਕੇ, ਦੋਇ ਹੱਥ ਜੋੜ ਕੇ) ਵਾਹਿਗੁਰੂ ਜੀ ਕਾ ਖਾਲਸਾ ਵਾਹਿਗੁਰੂ ਜੀ ਕੀ ਫਤਹਿ।

ਪੰਚ: ਕਿਵੇਂ ਆਏ ਜੇ?

ਸਿੰਘ : ਜੀ ਅਸੀਂ ਅਨੰਦਪੁਰ ਸਾਹਿਬ ਸਮਾਗਮ ਤੇ ਅੰਮ੍ਰਿਤ ਪਾਨ ਕੀਤਾ ਸੀ। ਮੇਰੀ ਸਿੰਘਣੀ ਨੂੰ ਬੜੀ ਘਬਰਾਹਟ ਰਹਿੰਦੀ ਹੈ। ਇਸ ਉੱਤੇ ਕਿਸੇ ਰੂਹ ਦਾ ਅਸਰ ਹੈ। ਕੁਝ ਕਿਰਪਾ ਕਰੋ।

ਪੰਚ : (ਬੀਬੀ ਨੂੰ ਮੁਖ਼ਾਤਬ ਕਰ ਕੇ) ਕਿਉਂ ਬੀਬੀ, ਕੀ ਗੱਲ ਹੈ?

ਬੀਬੀ : ਦਿਲ ਬਹੁਤ ਘਬਰਾਉਂਦਾ ਹੈ। ਸਮਝ ਨਹੀਂ ਆਉਂਦੀ ਕੀ ਹੁੰਦਾ ਹੈ।

ਪੰਚ : ਨਾਮ ਜਪਿਆ ਕਰ ਅਤੇ ਬਾਣੀ ਪੜ੍ਹਿਆ ਕਰ। ਫਿਰ ਤੇਰੇ ਲਾਗੇ ਕੋਈ ਸ਼ੈ ਨਹੀਂ ਆਏਗੀ।

ਬੀਬੀ : ਕੋਸ਼ਿਸ਼ ਕਰਦੀ ਹਾਂ, ਪਰ ਨਾਮ ਜਪਿਆ ਨਹੀਂ ਜਾਂਦਾ। ਬਾਣੀ ਭੀ ਨਹੀਂ ਪੜ੍ਹੀ ਜਾਂਦੀ।

ਪੰਚ : ਜੇ ਨਾਮ ਦ੍ਰਿੜ੍ਹ ਹੋ ਗਿਆ ਹੈ ਤਾਂ ਜ਼ਰੂਰ ਜਪਿਆ ਜਾਣਾ ਚਾਹੀਦਾ ਹੈ। ਨਾਮ ਬਾਣੀ ਦੇ ਲਾਗੇ ਤਾਂ ਜਮ ਭੀ ਨਹੀਂ ਆਉਂਦਾ, ਬਾਕੀ ਬਲਾਵਾਂ ਕੋਈ ਚੀਜ਼ ਹੀ ਨਹੀਂ। ਮਜ਼ਬੂਤ ਦਿਲ ਕਰ ਕੇ, ਤਕੜੀ ਹੋ ਕੇ ਨਾਮ ਜਪਿਆ ਕਰ।

ਬੀਬੀ : ਜੀ ਨਹੀਂ ਜਪਿਆ ਜਾਂਦਾ।

ਪੰਚ : ਆਪਣੇ ਘਰ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਪ੍ਰਕਾਸ਼ ਕਰੋ ਅਤੇ ਗੁਰੂ ਸਾਹਿਬ ਜੀ ਦੇ ਕਮਰੇ ਵਿਚ ਬੈਠ ਕੇ ਨਾਮ ਬਾਣੀ ਦਾ ਅਭਿਆਸ ਕਰੋ। ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਲਾਗੇ ਇਹ ਚੀਜ਼ਾਂ ਬਿਲਕੁਲ ਨਹੀਂ ਆਉਂਦੀਆਂ।

ਬੀਬੀ : ਸਾਡੇ ਘਰ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਪ੍ਰਕਾਸ਼ ਹੈ। ਜਦੋਂ ਮੈਂ ਗੁਰੂ ਜੀ ਦੇ ਕਮਰੇ ਵਿਚ ਜਾਂਦੀ ਹਾਂ ਤਾਂ ਮੇਰੀ ਘਬਰਾਹਟ ਬਹੁਤ ਹੀ ਜ਼ਿਆਦਾ ਵੱਧ ਜਾਂਦੀ ਹੈ। ਜਦ ਗੁਰੂ ਜੀ ਦਾ ਕਮਰਾ ਛੱਡ ਦੂਰ ਚਲੀ ਜਾਂਦੀ ਹਾਂ ਤਾਂ ਘਬਰਾਹਟ ਘਟ ਜਾਂਦੀ ਹੈ।



www.AKJ.Org

ਪੰਚ : ਇਹ ਕਭੀ ਨਹੀਂ ਹੋ ਸਕਦਾ। ਅਸੀਂ ਤੇਰੀ ਗੱਲ ਹਰਗਿਜ਼ ਮੰਨਣ ਨੂੰ ਤਿਆਰ ਨਹੀਂ। ਤੂੰ ਇਸ ਗੱਲ ਨੂੰ ਪੱਥਰ ਉਤੇ ਲਕੀਰ ਸਮਝ ਕਿ ਗੁਰੂ ਸਾਹਿਬ ਜੀ ਲਾਗੇ ਇਹ ਬਲਾਵਾਂ ਨਹੀਂ ਆ ਸਕਦੀਆਂ, ਨਹੀਂ ਆ ਸਕਦੀਆਂ।

ਬੀਬੀ : ਤੁਸੀਂ ਭਾਵੇਂ ਮੰਨੋ ਭਾਵੇਂ ਨਾ ਮੰਨੋ, ਮੈਂ ਤੁਹਾਨੂੰ ਠੀਕ ਦਸ ਰਹੀ ਹਾਂ।

ਪੰਚ : ਅਸੀਂ ਤੇਰੀ ਬਾਤ ਤਾਂ ਮੰਨੀਏ ਜੇ ਅਸੀਂ ਗੁਰੂ ਸਾਹਿਬ ਜੀ ਦੀਆਂ ਬਰਕਤਾਂ ਤੋਂ ਜਾਣੂ ਨਾ ਹੋਈਏ।

ਬੀਬੀ : ਮੈਂ ਜੀ ਬਿਲਕੁਲ ਠੀਕ ਕਹਿ ਰਹੀ ਹਾਂ ਕਿ ਗੁਰੂ ਜੀ ਦੇ ਪਾਸ ਜਾਣ ਨਾਲ ਮੇਰੀ ਘਬਰਾਹਟ ਬਹੁਤ ਵੱਧ ਜਾਂਦੀ ਹੈ।

ਪੰਚ : ਤਾਂ ਤੇਰੇ ਘਰ ਕਿਸੇ ਡਾਢੀ ਮਨਮਤਿ ਦਾ ਪਹਿਰਾ ਹੈ। ਗੁਰੂ ਸਾਹਿਬ ਦਾ ਸਰੂਪ ਲੜੀਦਾਰ ਹੈ ਕਿ ਪਦ-ਛੇਦ?

ਬੀਬੀ : ਜੀ ਪਦ-ਛੇਦ।

ਪੰਚ : ਤਾਂ ਤੂੰ ਸੱਚੀ ਹੈਂ। ਕਲਗੀਧਰ ਪਾਤਿਸ਼ਾਹ ਜੀ ਨੇ ਆਪਣੀ ਜੋਤਿ ਲੜੀਦਾਰ ਸਰੂਪ ਨੂੰ ਬਖਸ਼ ਕੇ ਗੁਰ-ਗੱਦੀ ਉੱਤੇ ਸੁਸ਼ੋਭਤ ਕੀਤਾ ਹੈ। ਅੱਛਾ, ਤੂੰ ਬਾਹਰ ਬੈਠ। ਤੈਨੂੰ ਅੰਮ੍ਰਿਤ ਦਾ ਚੁਲਾ ਦਿਆਂਗੇ। ਹੁਣ ਆਪਣੇ ਘਰ ਵਿਚ ਲੜੀਦਾਰ ਸਰੂਪ ਦਾ ਪ੍ਰਕਾਸ਼ ਕਰੀਂ ਜਾ ਕੇ।

ਬੀਬੀ : ਅੱਛਾ ਜੀ।

ਅੰਮ੍ਰਿਤ-ਸਿੰਚਾਰ ਦੇ ਬਾਅਦ ਜਦ ਗੁਰ-ਦੀਖਿਅਤ-ਪ੍ਰਾਣੀਆਂ ਨੂੰ ਗੁਰਸਿਖੀ ਦੀ ਬਾਕੀ ਦੀ ਮਰਯਾਦਾ ਦ੍ਰਿੜ੍ਹਾਈ ਜਾ ਰਹੀ ਸੀ ਤਾਂ ਸਾਰਿਆਂ ਦੇ ਗਿਆਤ ਲਈ ਇਸ ਬੀਬੀ ਦਾ ਕਿੱਸਾ ਥੋੜੇ ਜਿਹੇ ਸ਼ਬਦਾਂ ਵਿਚ ਦੁਹਰਾਇਆ ਜਾ ਰਿਹਾ ਸੀ। ਤਾਂ ਇਸ ਬੀਬੀ ਨੇ (ਡੇਢ ਕੁ ਸੌ ਪ੍ਰਾਣੀਆਂ ਵਿਚ ਬੈਠੀ ਹੋਈ ਨੇ) ਝੱਟ ਉਪਰ ਨੂੰ ਬਾਂਹ ਖੜੀ ਕਰ ਕੇ, ਹਮੂੰ ਹਮੂੰ ਕਰਦੀ ਨੇ ਕਿਹਾ, ''ਜੀ ਉਹ ਮੈਂ ਹੀ ਹਾਂ।'' ''ਹੁਣ ਤੇਰਾ ਕੀ ਹਾਲ ਹੈ?'' ਪੰਚਾਂ ਨੇ ਪੁੱਛਿਆ। ''ਜੀ, ਮੈਂ ਠੀਕ ਹਾਂ'', ਬੀਬੀ ਦਾ ਉੱਤਰ ਸੀ। ਇਹ ਸਭ ਸਿਖ-ਜਗਤ ਦੇ ਵਿਚਾਰਨ ਅਤੇ ਸਮਝਣ ਯੋਗ ਵਾਕਿਆ ਹੈ।

*ਵਾਹਿਗੁਰੂ ਜੀ ਕਾ ਖਾਲਸਾ॥ ਵਾਹਿਗੁਰੂ ਜੀ ਕੀ ਫਤਹਿ॥*



www.AKJ.Org

# ਮੋਹਿਣਾ ਅਤੇ ਸੋਹਿਣਾ "ਇਕ ਅਦਭੁਤ ਚਮਤਕਾਰ"

ਦੁਨੀਆਂ ਵਿਚ ਹਰ ਆਦਮੀ ਦਾ ਜੀਵਨ ਇਕ ਤਾਂ ਉਸ ਮੰਤਵ ਦੀ ਕਹਾਣੀ ਹੈ ਅਤੇ ਦੂਜੇ ਉਹਨਾਂ ਘਟਨਾਵਾਂ ਦੀ ਕਹਾਣੀ ਜਿਹੜੀਆਂ ਉਸ ਦੇ ਜੀਵਨ ਵਿਚ ਵਾਪਰਦੀਆਂ ਹਨ। ਇਨਸਾਨ ਜਿਤਨਾ ਮਹਾਨ ਹੋਵੇਗਾ, ਉਸ ਦੇ ਜੀਵਨ ਦਾ ਮੰਤਵ ਵੀ ਉਤਨਾ ਹੀ ਮਹਾਨ ਹੋਵੇਗਾ। ਉਸ ਨਾਲ ਸੰਬੰਧਤ ਜਾਂ ਵਾਪਰਣ ਵਾਲੀਆਂ ਘਟਨਾਵਾਂ ਵੀ ਉਤਨੀਆਂ ਹੀ ਮਹਾਨ, ਅਨੋਖੀਆਂ ਅਤੇ ਸਿਖਿਆਦਾਇਕ ਹੋਣਗੀਆਂ। ਹਰ ਮਹਾਂਪੁਰਸ਼ ਦੁਨੀਆਂ ਨੂੰ ਇਕ ਸੰਦੇਸ਼ ਦੇਂਦਾ ਹੈ, ਜਿਸ ਦੇ ਆਸਰੇ ਲੋਕੀ ਅਗੇ ਵੱਧ ਸਕਣ, ਪਾਪਾਂ ਤੋਂ ਛੁਟਕਾਰਾ ਪਾ ਸਕਣ। ਇਸ ਦੇ ਨਾਲ ਨਾਲ ਹਰ ਮਹਾਂਪੁਰਸ਼ ਆਪਣੇ ਅਮਲਾਂ ਦਵਾਰਾ, ਆਪਣੇ ਜੀਵਨ ਦੀਆਂ ਘਟਨਾਵਾਂ ਦਵਾਰਾ, ਆਪਣੇ ਜੀਵਨ ਸੰਗਰਾਮ ਦਵਾਰਾ ਇਕ ਅਜੇਹਾ ਸੰਦੇਸ਼ ਲੋਕਾਂ ਨੂੰ ਦੇਂਦਾ ਹੈ, ਜਿਹੜਾ ਉਸ ਦੀਆਂ ਲਿਖਤਾਂ ਜਾਂ ਭਾਸ਼ਨਾਂ ਨਾਲੋਂ ਵਧੇਰੇ ਪ੍ਰਭਾਵਸ਼ਾਲੀ, ਵਧੇਰੇ ਦਿਲ ਖਿਚਵਾਂ ਅਤੇ ਵਧੇਰੇ ਦੂਰ ਦ੍ਰਿਸ਼ਟੀ ਵਾਲੀ ਹੁੰਦਾ ਹੈ।

ਸ੍ਰੀ ਗੁਰੂ ਗੋਬਿੰਦ ਸਿੰਘ ਜੀ ਮਹਾਰਾਜ ਦੇ ਜੀਵਨ ਦਾ ਮੰਤਵ ਕੀ ਸੀ? ਇਸ ਬਾਰੇ ਮੈਂ ਪਹਿਲੇ ਦਸ ਚੁਕਿਆ ਹਾਂ ਅਤੇ ਅਗੇ ਚਲ ਕੇ ਹੋਰ ਵੀ ਦਸਾਂਗਾ। ਪਰੰਤੂ ਉਹਨਾਂ ਦੀਆਂ ਜੀਵਨ ਘਟਨਾਵਾਂ ਦਾ ਮੰਤਵ ਕੀ ਸੀ, ਇਹ ਉਹਨਾਂ ਸੱਚੀਆਂ ਕਹਾਣੀਆਂ ਵਿਚੋਂ ਲਭੋ, ਜਿਹੜੀਆਂ ਉਸ ਸਮੇਂ ਨਾਲ ਸੰਬੰਧਤ ਹਨ, ਜਦੋਂ ਗੁਰੂ ਮਹਾਰਾਜ ਜੀ ਸ੍ਰੀ ਆਨੰਦਪੁਰ ਜਾਂ ਸ੍ਰੀ ਪਾਉਂਟਾ ਸਾਹਿਬ ਵਿਚ ਬਿਰਾਜਮਾਨ ਸਨ, ਇਨ੍ਹਾਂ ਵਿਚੋਂ ਕਿਹੜੀ ਘਟਨਾ ਪਹਿਲਾਂ ਵਾਪਰੀ ਅਤੇ ਕਿਹੜੀ ਮਗਰੋਂ? ਇਸ ਦੀ ਚਿੰਤਾ ਨਾ ਕਰਦੇ ਹੋਏ, ਉਹਨਾਂ ਘਟਨਾਵਾਂ ਨੂੰ ਧਿਆਨ ਨਾਲ ਪੜ੍ਹੋ, ਜਿਨ੍ਹਾਂ ਵਿਚੋਂ ਗੁਰੂ ਮਹਾਰਾਜ ਜੀ ਦੇ ਜੀਵਨ ਦੀ ਅਜਿਹੀ ਝਲਕ ਮਿਲਦੀ ਹੈ, ਜਿਹੜੀ ਕੇਵਲ 'ਕਹਾਣੀਆਂ' ਦੇ ਵਰਣਨ ਨਾਲ ਨਹੀਂ ਮਿਲਦੀ।

ਗੁਰੂ ਮਹਾਰਾਜ ਜੀ ਕਈ ਗੱਲਾਂ ਬਾਰੇ, ਕਿਤਨੇ ਢੰਗਾਂ ਨਾਲ ਅਤੇ ਕਿਤਨੇ ਦੂਰ ਹੀ ਸੋਚਦੇ ਹਨ, ਇਹ ਵੇਖ ਕੇ ਅਚੰਭਾ ਹੁੰਦਾ ਹੈ। ਅਨੰਦਪੁਰ ਵਿਚ ਉਹਨਾਂ ਦਾ ਇਕ ਬਾਗ ਸੀ, ਜਿਥੇ ਵੱਖ-ਵੱਖ ਪ੍ਰਕਾਰ ਦੀਆਂ ਸਬਜ਼ੀਆਂ, ਫਲ, ਫੁੱਲ, ਅਤੇ ਅਨਾਜ ਦੀ ਉਪਜ, ਕੀਤੀ ਜਾਂਦੀ ਸੀ। ਇਕ ਪੌਦੇ ਦੀ ਪੇਵੰਦ ਦੂਜੇ ਨੂੰ ਲਾ ਕੇ ਅਤੇ ਦੂਜੇ ਦੀ ਤੀਜੇ ਨੂੰ ਲਾ ਕੇ ਕਿਤਨੇ ਹੀ ਨਵੇਂ ਤਜਰਬੇ ਉਥੇ ਕੀਤੇ ਜਾਂਦੇ ਸਨ। ਬਾਗ ਵਿਚ ਕੰਮ ਕਰਨ ਵਾਲੇ ਆਦਮੀ ਬਹੁਤ ਸਨ ਪਰੰਤੂ ਉਹਨਾਂ ਦਾ ਸਭ ਤੋਂ ਵਡਾ ਮਾਲੀ ਸੀ, **ਕੇਸਰਾ ਸਿੰਘ,** ਜਿਸ ਦੇ ਦਿਲ ਵਿਚ ਕਿਸੇ ਲਈ ਵੈਰ ਵਿਰੋਧ ਨਹੀਂ ਸੀ, ਕਿਸੇ ਲਈ ਘਿਰਨਾ ਨਹੀਂ ਸੀ, ਉਹ ਹਰ ਵਕਤ ਹਰ ਕਿਸੇ ਦੀ ਸਹਾਇਤਾ ਕਰਨ ਲਈ ਤਿਆਰ ਰਹਿੰਦਾ ਸੀ। ਇਕ ਦਿਨ ਉਸ ਕੋਲ ਇਕ ਆਦਮੀ ਆਇਆ, ਨਾਲ ਉਹਦੇ ਉਸ ਦੀ ਨੌਜਵਾਨ ਵਹੁਟੀ ਸੀ। ਆਦਮੀ ਦਾ ਨਾਂ ਸੀ 'ਮੋਹਿਣਾ' ਅਤੇ ਵਹੁਟੀ ਦਾ 'ਸੋਹਿਣਾ'। ਰਹਿਣ ਨੂੰ ਹੋਰ ਕੋਈ ਠਿਕਾਣਾ ਨਹੀਂ ਸੀ, ਇਸ ਲਈ ਉਹ ਕੇਸਰਾ ਸਿੰਘ ਦੇ ਪਾਸ ਠਹਿਰ ਗਏ। ਉਸੇ ਬਾਗ ਵਿਚ ਇਕ ਝੌਂਪੜੀ ਬਣਾ ਕੇ, ਫਲ, ਫੁੱਲ ਅਤੇ ਸਬਜ਼ੀਆਂ ਉਗਾਣ ਵਿਚ ਕੇਸਰਾ ਸਿੰਘ ਦਾ ਹੱਥ ਵਟਾਂਦੇ। ਹੋਲੀ ਹੋਲੀ ਇਉਂ ਹੋਇਆ ਕਿ ਸਾਰਾ ਕੰਮ ਉਹ ਦੋਵੇਂ ਹੀ ਕਰਨ ਲੱਗ ਪਏ ਅਤੇ ਕੇਸਰਾ ਸਿੰਘ ਨੂੰ ਕੁਝ ਨਾ ਕਰਨ ਦੇਂਦੇ। ਕਿਤਨੇ ਹੀ ਨਵੇਂ ਨਵੇਂ ਫੁੱਲ ਉਹਨਾਂ ਉਗਾਏ, ਦੂਜੀਆਂ ਚੀਜ਼ਾਂ ਵੀ ਉਗਾਈਆਂ। ਹਰ ਵਾਰੀ ਉਹ ਕਹਿੰਦੇ 'ਕੇਸਰਾ ਸਿੰਘ ਜੀ! ਇਹ ਗੁਰੂ ਮਹਾਰਾਜ ਜੀ ਦੇ ਵਾਸਤੇ ਲੈ ਜਾਉ, ਉਹ ਗੁਰੂ ਮਹਾਰਾਜ ਜੀ ਦੇ ਵਾਸਤੇ ਲੈ ਜਾਉ, ਪਰ ਆਪ ਉਹ ਗੁਰੂ ਮਹਾਰਾਜ ਜੀ ਪਾਸ ਜਾਂਦੇ ਨਹੀਂ ਸਨ, ਉਹਨਾਂ ਦੇ ਦਰਸ਼ਨ ਵੀ ਨਹੀਂ ਸਨ ਕਰਦੇ। ਉਹਨਾਂ ਨੂੰ ਇਲਮ ਸੀ ਕਿ ਜੇਕਰ ਉਹ ਦਰਸ਼ਨਾਂ ਲਈ ਪ੍ਰਾਰਥਨਾ ਕਰਨਗੇ ਵੀ ਤਾਂ ਉਹ ਪ੍ਰਵਾਨ ਨਹੀਂ ਹੋਵੇਗੀ। ਉਹਨਾਂ ਨੂੰ ਉਸ ਫੱਟੜ ਸਿੱਖ ਦੀ ਗੱਲ ਚੇਤੇ ਸੀ, ਜਿਸ ਨੇ ਮਰਦੇ ਸਮੇਂ ਮੋਹਿਣਾ ਕੋਲੋਂ ਜਲ ਮੰਗਿਆ



www.AKJ.Org

ਸੀ ਅਤੇ ਮੋਹਿਣਾ ਨੇ ਉਸ ਨੂੰ ਕਿਹਾ ਸੀ, "ਇਹ ਗੰਗਾ ਜਲ ਤੇਰੇ ਲਈ ਨਹੀਂ, ਭਗਵਾਨ ਦੀ ਪੂਜਾ ਲਈ ਹੈ" ਸਿੱਖ ਨੇ ਤੜਪਦਿਆਂ ਹੋਇਆਂ ਉੱਤਰ ਦਿੱਤਾ ਸੀ, "ਤੁਸੀਂ ਭਗਵਾਨ ਦੀ ਗੱਲ ਕਰਦੇ ਹੋ, ਤੁਹਾਨੂੰ ਤਾਂ ਕੋਈ ਭਗਵਾਨ ਨਾਲ ਪਿਆਰ ਕਰਨ ਵਾਲੀ ਵੀ ਦਰਸ਼ਨ ਨਹੀਂ ਦੇਵੇਗਾ।"

ਇਹ ਆਵਾਜ਼ ਘੜੀ ਮੁੜੀ ਉਹਨਾਂ ਦੇ ਕੰਨਾਂ ਵਿਚ ਗੂੰਜਦੀ ਸੀ। ਮੂਰਤੀ ਨੂੰ ਜਲ ਚੜ੍ਹਾਨ ਦੀ ਥਾਂ ਜਦੋਂ ਉਹ ਇਸ ਖਿਆਲ ਨਾਲ ਪਿੱਛੇ ਮੁੜੇ, ਕਿ ਉਸ ਫੱਟੜ ਨੂੰ ਜਲ ਪਿਲਾ ਦੇਣ ਤਾਂ ਉਹ ਦਮ ਤੋੜ ਚੁਕਿਆ ਸੀ। ਉਸ ਦੇ ਬੁੱਲ੍ਹ ਉਵੇਂ ਹੀ ਖੁੱਲੇ ਦੇ ਖੁੱਲੇ ਸਨ, ਜਿਨ੍ਹਾਂ ਕਿਹਾ ਸੀ "ਭਗਵਾਨ ਤਾਂ ਕੀ, ਤੁਹਾਨੂੰ ਤਾਂ ਕੋਈ ਭਗਵਾਨ ਨਾਲ ਪਿਆਰ ਕਰਨ ਵਾਲਾ ਵੀ ਦਰਸ਼ਨ ਨਹੀਂ ਦੇਵੇਗਾ।" ਇਸ ਤਰ੍ਹਾਂ ਖੁੱਲੇ ਸਨ ਜਿਵੇਂ ਅੰਤਮ ਸਮੇਂ ਪਾਣੀ ਮੰਗਦੇ ਰਹੇ ਹੋਣ, ਮੋਹਿਣਾ ਅਤੇ ਸੋਹਿਣਾ ਦੋਵੇਂ ਰੋ ਪਏ, ਪਰ ਹੁਣ ਕੀ ਹੋ ਸਕਦਾ ਸੀ।

ਘਰ ਬਾਰ, ਧਨ ਦੌਲਤ ਛੱਡ ਕੇ ਉਹ ਅਨੰਦਪੁਰ ਵਿਚ ਆ ਗਏ ਤਾਂ ਜੋ ਗੁਰੂ ਮਹਾਰਾਜ ਜੀ ਦੀ ਸੇਵਾ ਕਰ ਕੇ ਮਨ ਦੀ ਸ਼ਾਂਤੀ ਪ੍ਰਾਪਤ ਕਰ ਸਕਣ, ਇਹ ਸ਼ਾਂਤੀ ਉਹਨਾਂ ਨੂੰ ਮਿਲੀ ਕੇਸਰਾ ਸਿੰਘ ਦੇ ਨੇੜੇ ਬਣੇ ਹੋਏ ਝੌਂਪੜੇ ਵਿਚ। ਉਹ ਬੜੇ ਪ੍ਰਸੰਨ ਸਨ, ਕਿ ਗੁਰੂ ਜੀ ਦੀਆਂ ਅੱਖਾਂ ਤੋਂ ਓਝਲ ਰਹਿ ਕੇ ਵੀ ਉਹ ਉਹਨਾਂ ਵਾਸਤੇ ਥੋੜਾ ਬਹੁਤ ਕੰਮ ਕਰ ਰਹੇ ਸਨ, ਹਰ ਪਾਸੇ ਉਹਨਾਂ ਦੇ ਉਗਾਏ ਹੋਏ ਫੁੱਲ ਮਹਿਕ ਰਹੇ ਸਨ। ਗੁਰੂ ਜੀ ਦਾ ਘਰ ਉਹਨਾਂ ਨੇ ਗੁਲਸਤਾਨ ਬਣਾ ਦਿੱਤਾ ਸੀ, ਬਾਗ ਤਾਂ ਬਾਗ ਸੀਗਾ ਹੀ, ਪਰੰਤੂ ਉਹ ਅਜਿਹੇ ਫੁੱਲ ਉਗਾਣ ਦਾ ਜਤਨ ਕਰਦੇ ਰਹਿੰਦੇ, ਜਿਹੋ ਜਿਹੇ ਹੋਰ ਕਿਧਰੇ ਨਾ ਮਿਲ ਸਕਣ। ਗੁਰੂ ਮਹਾਰਾਜ ਇਨ੍ਹਾਂ ਫੁੱਲਾਂ ਨੂੰ ਵੇਖਦੇ, ਮੁਸਕਰਾਂਦੇ ਅਤੇ ਦਿਲ ਹੀ ਦਿਲ ਵਿਚ ਉਹਨਾਂ ਦੇ ਪਿਆਰ ਭਰੇ ਹੱਥਾਂ ਨੂੰ ਅਸ਼ੀਰਵਾਦ ਦੇਂਦੇ ਅਤੇ ਫੇਰ ਚੁੱਪ ਹੋ ਜਾਂਦੇ। ਜੇਕਰ ਕੇਸਰਾ ਸਿੰਘ ਕਦੀ ਕਹਿੰਦਾ ਕਿ ਮੋਹਿਣਾ ਅਤੇ ਸੋਹਿਣਾ, ਤੁਹਾਨੂੰ ਬਹੁਤ ਯਾਦ ਕਰਦੇ ਹਨ, ਤਾਂ ਗੁਰੂ ਮਹਾਰਾਜ ਜੀ ਉਤਰ ਦੇਂਦੇ 'ਅਜੇ ਵਕਤ ਨਹੀਂ ਆਇਆ।'

ਪਰੰਤੂ ਉਹ ਵਕਤ ਆਇਆ ਤਾਂ ਕਿਵੇਂ?

ਮੋਹਿਣਾ ਅਤੇ ਸੋਹਿਣਾ ਨੇ ਨਵੀਂ ਕਿਸਮ ਦੇ ਕੁਝ ਫੁੱਲ ਉਗਾਏ। ਇਕ ਨਵੀਂ ਕਿਸਮ ਦੀ ਖੁਸ਼ਬੋ ਉਹਨਾਂ ਵਿਚ ਜਗਾ ਦਿੱਤੀ, ਕਿਤਨੇ ਹੀ ਫੁੱਲਾਂ ਨੂੰ ਮਿਲਾ ਕੇ ਉਹਨਾਂ ਨੂੰ ਇਕ ਕਰ ਦਿੱਤਾ, ਫੁੱਲ ਖਿੜ ਪਏ ਤਾਂ ਮੋਹਿਣਾ ਅਤੇ ਸੋਹਿਣਾ ਦੀ ਦੁਨੀਆਂ ਵਿਚ ਇਕ ਬਹਾਰ ਆ ਗਈ। ਉਹਨਾਂ ਫੈਸਲਾ ਕੀਤਾ ਅਜ ਨਹੀਂ ਕਲ ਇਹ ਫੁੱਲ ਗੁਰੂ ਮਹਾਰਾਜ ਦੇ ਚਰਨਾਂ ਵਿਚ ਭੇਜਾਂਗੇ। ਇਹਨਾਂ ਨੂੰ ਦੇਖਣ ਤੋਂ ਮਗਰੋਂ, ਅਵੱਸ਼ ਹੀ ਉਹ ਸਾਨੂੰ ਆਪਣੇ ਪਾਸ ਬੁਲਾਣਗੇ।

ਉਹਦੋਂ ਹੀ ਇਕ ਫਕੀਰ ਅਨੰਦਪੁਰ ਵਿਚ ਆ ਪਹੁੰਚਾ। ਉਹ ਵੀ ਮਹਾਰਾਜ ਦੇ ਦਰਸ਼ਨਾਂ ਨੂੰ ਆਇਆ ਸੀ। ਨਾਂ ਸੀ, ਰੋਡਾ "ਜਲਾਲੀ"।

ਗੁਰੂ ਮਹਾਰਾਜ ਜੀ ਦੇ ਲਈ ਕੋਈ ਭੇਟ ਵੀ ਹੋਣੀ ਚਾਹੀਦੀ ਸੀ, ਰੋਡਾ ਨੇ ਇਧਰ ਉਧਰ ਢੂੰਡਿਆ, ਪਰ ਉਸ ਨੂੰ ਕੋਈ ਅਜਿਹੀ ਚੀਜ਼ ਨਾ ਮਿਲੀ, ਜਿਸ ਨੂੰ ਉਹ ਗੁਰੂ ਮਹਾਰਾਜ ਜੀ ਦੀ ਭੇਟ ਕਰ ਸਕੇ। ਤੱਦ ਉਹ ਗੁਰੂ ਮਹਾਰਾਜ ਜੀ ਦੇ ਬਾਗ ਵਿਚ ਜਾ ਪੁਜਾ। ਉਹਨਾਂ ਫੁੱਲਾਂ ਨੂੰ ਵੇਖਿਆ ਜਿਹੜੇ ਮੋਹਿਣਾ ਅਤੇ ਸੋਹਿਣਾ ਨੇ ਕਈ ਮਹੀਨਿਆਂ ਦੀ ਮਿਹਨਤ ਮਗਰੋਂ ਉਗਾਏ ਸਨ। ਉਹਨਾਂ ਦੀ ਖੁਸ਼ਬੋ, ਉਹਨਾਂ ਦੀ ਰੰਗਤ ਅਤੇ ਉਹਨਾਂ ਦੀ ਬਨਾਵਟ ਨੇ ਉਸ ਫਕੀਰ ਦੇ ਦਿਲ ਨੂੰ ਮੋਹਿਤ ਕਰ ਲਿਆ, ਉਸ ਦੀ ਸੋਚ ਠੀਕ ਹੀ ਸੀ ਕਿ ਇਹਨਾਂ ਫੁੱਲਾਂ ਤੋਂ ਅੱਛਾ ਤੋਹਫਾ ਉਸਨੂੰ ਗੁਰੂ ਮਹਾਰਾਜ ਜੀ ਦੀ ਭੇਟ ਲਈ ਹੋਰ ਕਿਧਰੋਂ ਨਹੀਂ ਮਿਲੇਗਾ। ਉਸ ਨੇ ਸਾਰੇ ਦੇ ਸਾਰੇ ਫੁੱਲ ਤੋੜ ਲਿਤੇ ਅਤੇ ਗੁਰੂ ਜੀ ਦੇ ਪਾਸ ਪੁੱਜ ਕੇ ਕਹਿਣ ਲੱਗਾ "ਸੱਚੇ ਪਾਤਸ਼ਾਹ! ਮੈਂ ਰਿਹਾ ਫਕੀਰ ਦੂਸਰੀ ਕੋਈ ਚੀਜ਼ ਮੇਰੇ ਪਾਸ ਹੈ ਨਹੀਂ, ਕੇਵਲ ਇਹ ਫੁੱਲ ਤੁਹਾਡੀ ਭੇਟ ਲਈ ਲਿਆਇਆ ਹਾਂ।"



www.AKJ.Org

ਗੁਰੂ ਜੀ ਨੇ ਮੁਸਕਰਾਂਦਿਆਂ ਕਿਹਾ, "ਤੂੰ ਫਕੀਰ ਏਂ। ਤੇਰੇ ਪਾਸ ਕੁਝ ਹੈ ਨਹੀਂ ਤਾਂ ਫਿਰ ਤੇਰੀ ਇਸ ਟੋਪੀ ਵਿਚ ਕੀ ਹੈ?"

ਰੋੜਾ ਟੋਪੀ ਨੂੰ ਸਿਰ ਤੋਂ ਦਬਾਂਦਿਆਂ ਬੋਲਿਆ "ਕੁਝ ਨਹੀਂ ਮਹਾਰਾਜ! ਇਹ ਤਾਂ ਟੋਪੀ ਹੈ।

ਮਹਾਰਾਜ ਬੋਲੇ ਟੋਪੀ ਹੈ ਤਾਂ ਕੀ ਹੋਇਆ, ਇਸ ਨੂੰ ਉਤਾਰੋ-

ਅਤੇ ਟੋਪੀ ਲਾਂਹਦਿਆਂ ਹੀ ਉਸ ਵਿਚੋਂ ਸੋਨੇ ਦੀਆਂ ਪੰਜ ਮੋਹਰਾਂ ਛੰਨ ਛੰਨ ਕਰਦੀਆਂ ਬਾਹਰ ਡਿੱਗ ਪਈਆਂ। ਰੋੜੇ ਨੇ ਸ਼ਰਮਿੰਦਾ ਹੋ ਕੇ ਸਿਰ ਨੀਵਾਂ ਕਰ ਲਿਆ।

ਫੇਰ ਗੁਰੂ ਮਹਾਰਾਜ ਜੀ ਨੇ ਫੁੱਲਾਂ ਨੂੰ ਤੱਕਿਆ ਤਾਂ ਗੁੱਸੇ ਨਾਲ ਬੋਲੇ "ਇਹ ਫੁੱਲ ਤੂੰ ਕਿਥੋਂ ਲਿਆਂਦੇ ਹਨ?"

ਰੋੜਾ ਸਿਰ ਝੁਕਾ ਕੇ ਕਹਿਣ ਲੱਗਾ "ਹਜ਼ੂਰ! ਤੁਹਾਡੇ ਹੀ ਬਾਗ ਵਿਚੋਂ।

ਅਤੇ ਗੁਰੂ ਮਹਾਰਾਜ ਬੜੇ ਬੇਬਲ ਹੋ ਕੇ ਉੱਠ ਖਲੋਤੇ। ਦੁਖੀ ਹੋ ਕੇ ਬੋਲੇ, "ਬਦਨਸੀਬ ਪਸ਼ੂਆ! ਤੂੰ ਕੇਵਲ ਫੁੱਲ ਹੀ ਨਹੀਂ ਤਰੋੜੇ, ਦੋ ਜ਼ਿੰਦਗੀਆਂ ਤੋੜ ਦਿੱਤੀਆਂ ਹਨ, ਮੋਹਿਣਾ, ਸੋਹਿਣਾ ! ਰੁਕੋ ਮੈਂ ਆ ਰਿਹਾ ਹਾਂ" ਅਤੇ ਉਹ ਦੌੜਦੇ ਹੋਏ ਆਪਣੇ ਬਾਗ ਵਿਚ ਪਹੁੰਚੇ ਉਸ ਥਾਂ ਤੋਂ ਜਿੱਥੋਂ ਜਲਾਲੀ ਨੇ ਫੁੱਲ ਤੋੜੇ ਸਨ, ਫੁੱਲਾਂ ਦੀ ਥਾਂ ਉਥੇ 'ਮੋਹਿਣਾ ਅਤੇ ਸੋਹਿਣਾ' ਪਏ ਹੋਏ ਸਨ, ਬੇਹੋਸ਼ ਅੰਤਮ ਸਵਾਸਾਂ ਤੇ, ਜਦੋਂ ਉਹਨਾਂ ਵੇਖਿਆ ਕਿ ਫੁੱਲ ਕਿਸੇ ਨੇ ਤੋੜ ਲਏ ਹਨ ਅਤੇ ਗੁਰੂ ਮਹਾਰਾਜ ਤੋੜੀ ਪੁੱਜਣ ਦੀ ਆਖਰੀ ਆਸ ਵੀ ਖ਼ਤਮ ਹੋ ਗਈ ਹੈ, ਤਾਂ ਉਹਨਾਂ ਦੇ ਦਿਲ ਟੁੱਟ ਗਏ, ਉਥੇ ਹੀ ਜ਼ਮੀਨ ਤੇ ਡਿੱਗ ਪਏ।

ਗੁਰੂ ਮਹਾਰਾਜ ਜੀ ਨੇ ਉਹਨਾਂ ਦੇ ਸਿਰਾਂ ਨੂੰ ਆਪਣੀ ਗੋਦ ਵਿਚ ਰੱਖ ਕੇ, ਉਹਨਾਂ ਦੇ ਮੱਥੇ ਤੇ ਹੱਥ ਫੇਰਦਿਆਂ ਕਿਹਾ "ਮੋਹਿਣਾ, ਸੋਹਿਣਾ, ਜਾਗੋ, ਮੈਂ ਆ ਗਿਆ ਹਾਂ। ਤੁਸੀਂ ਮੈਨੂੰ ਮਿਲਣਾ ਚਾਹੁੰਦੇ ਸੀ ਨਾ... ਦੇਖੋ... ਹੁਣ ਮੈਂ ਤੁਹਾਨੂੰ ਮਿਲਣ ਲਈ ਆਪ ਆਇਆ ਹਾਂ।"

ਮੋਹਿਣਾ ਨੇ ਥੋੜੀਆਂ ਜਿਹੀਆਂ ਅੱਖਾਂ ਖੋਲੀਆਂ ... ਸੋਹਿਣਾ ਨੇ ਵੀ।

ਗੁਰੂ ਮਹਾਰਾਜ ਜੀ ਨੇ ਪਿਆਰ ਨਾਲ ਪੁੱਛਿਆ ਬੋਲੋ, ਤੁਹਾਨੂੰ ਕੀ ਚਾਹੀਦਾ ਹੈ? ਮੈਂ ਤੁਹਾਨੂੰ ਸਭ ਕੁਝ ਦੇ ਸਕਦਾ ਹਾਂ" ਸੋਹਿਣਾ ਮਰੀ ਹੋਈ ਫਿਕੀ ਮੁਸਕਾਨ ਨਾਲ ਬੋਲੀ 'ਹੁਣ ਹੋਰ ਕੁਝ ਨਹੀਂ ਚਾਹੀਦਾ ਸਚੇ ਪਾਤਸ਼ਾਹ! ਤੁਸੀਂ ਮਿਲ ਗਏ, ਸਭ ਕੁਝ ਮਿਲ ਗਿਆ।"

ਅਤੇ ਉਹਨਾਂ ਦੀਆਂ ਅੱਖੀਆਂ ਬੰਦ ਹੋ ਗਈਆਂ, ਸਦਾ ਲਈ ਸੌਂ ਗਏ ਉਹ ਬੇਅੰਤ ਹਰਸ਼ਾਂ ਦੀ ਦੁਨੀਆਂ ਵਿਚ, ਪਰੰਤੂ ਗੁਰੂ ਮਹਾਰਾਜ ਜੀ ਕਿਤਨੇ ਹੀ ਦਿਨ ਹੱਸ ਨਹੀਂ ਸਕੇ, ਮੁਸਕਰਾ ਨਹੀਂ ਸਕੇ।

*(ਯੁਗ ਪੁਰਸ਼ 'ਚੋਂ ਧੰਨਵਾਦ ਸਹਿਤ)*



www.AKJ.Org

# ਡਾਕਟਰ ਸੁਰਿੰਦਰ ਸਿੰਘ ਜੀ ਦੀ
# ਭਾਈ ਸਾਹਿਬ ਭਾਈ ਰਣਧੀਰ ਸਿੰਘ ਜੀ ਨਾਲ ਪਹਿਲ ਮਿਲਣੀ

ਪਿਤਾ ਸੂਬੇਦਾਰ ਹਰਿਬਚਨ ਸਿੰਘ ਜੀ ਦੀਆਂ ਪ੍ਰਮਾਰਥਕ ਉਚ ਉਡਾਰੀਆਂ ਦੀਆਂ ਕਥਾਵਾਂ, ਸੀਨਾ-ਬਸੀਨਾ ਜਦੋਂ ੨੨-੨੩ ਸਾਲਾਂ ਦੇ ਨੌਜਵਾਨ ਸੁਰਿੰਦਰ ਸਿੰਘ ਜੀ ਦੇ ਕੰਨਾਂ ਵਿਚ ਪੈਂਦੀਆਂ, ਹਿਰਦੇ ਚੋਂ ਬੈਰਾਗ ਦੇ ਕੜ ਫੁੱਟ ਪੈਂਦੇ ਅਤੇ ਬਿਰਹੁ-ਵਿਛੁੰਨੇ ਨੈਣਾਂ ਵਿਚੋਂ ਨੀਰ ਵਹਿ ਤੁਰਦਾ। ਕ੍ਰਿਸਚੀਅਨ ਸਕੂਲ ਦੀ ਪੜ੍ਹਾਈ ਨੇ ਵੀ ਆਪ ਜੀ ਦੇ ਜੀਵਨ ਵਿਚ ਪਲਟਾ ਆਉਣ ਵਿਚ ਕੋਈ ਅੜਿੱਚਣ ਨਾ ਪਾਈ। ਜਦੋਂ ਪੂਰਬਲੇ ਕਰਮ ਉਦੇ ਹੁੰਦੇ ਹਨ ਤਾਂ ਇਹ ਦੜੀਆਂ ਦੁਨਿਆਵੀਆਂ ਸਭ ਲਾਚਾਰ ਹੋ ਜਾਂਦੀਆਂ ਹਨ। ਡਾਕਟਰ ਜੀ ਨੂੰ ਇਹ ਨਿਸ਼ਚਾ ਹੋ ਚੁਕਾ ਸੀ ਕਿ ਅੰਮ੍ਰਿਤ ਛਕੇ ਬਿਨਾਂ ਗੁਰਸਿੱਖੀ ਨਹੀਂ ਪ੍ਰਾਪਤ ਹੋ ਸਕਦੀ। ਇਸ ਦ੍ਰਿੜ੍ਹਤਾ ਨੇ ਵੈਰਾਗ-ਮਈ ਦਸ਼ਾ ਧਾਰਨ ਕਰ ਲਈ ਸੀ।

ਅਨੰਦਪੁਰ ਸਾਹਿਬ ਵਿਖੇ ਟਿਕੇ ਹੋਏ ਨਾਨੀ ਜੀ ਨੇ ਆਪ ਜੀ ਨੂੰ ਸਦ ਭੇਜਿਆ। ਫਾਇਰ ਸਟੋਨ ਕੰਪਨੀ 'ਚੋਂ ਬਣਦੀ ਛੁਟੀ ਲੈ ਕੇ ਆਪ ਜੀ ਬੰਬਈ ਤੋਂ ਤਖ਼ਤ ਸ੍ਰੀ ਕੇਸਗੜ੍ਹ ਅਨੰਦਪੁਰ ਸਾਹਿਬ ਪੁਜੇ। ਆਪ ਦੀ ਨਾਨੀ ਪ੍ਰੇਮ ਕੌਰ ਜੀ ਨੇ ਆਪ ਦੀ ਵੈਰਾਗੀ ਦਸ਼ਾ ਵੇਖ ਕੇ ਬਹੁਤ ਹੀ ਪਿਆਰ ਕੀਤਾ। ਡਾਕਟਰ ਜੀ ਪਹਿਲਾਂ ਵੀ ਆਪਣੀ ਨਾਨੀ ਜੀ ਪਾਸ ਕਾਫੀ ਦੇਰ ਟਿਕੇ ਰਹੇ ਸਨ। ਪਰ ਇਸ ਵਾਰੀ ਇਹਨਾਂ ਨੂੰ ਆਪਣੀ ਨਾਨੀ ਜੀ ਦੇ ਬਿਬੇਕੀ ਜੀਵਨ ਤੇ ਅੰਮ੍ਰਿਤ ਵੇਲੇ ਦੀ ਸੰਭਾਲ ਨੇ ਬਹੁਤ ਹੀ ਪ੍ਰਭਾਵਿਤ ਕੀਤਾ ਅਤੇ ਇਹਨਾਂ ਦਾ ਦਿਲ ਅਜਿਹੇ ਜੀਵਨ ਦੇ ਧਾਰਨੀ ਹੋਣ ਨੂੰ ਲੋਚਦਾ।

ਸੋ ਅਉਸਰ ਆਇ ਬਝੇ। ਤਖ਼ਤ ਸ੍ਰੀ ਕੇਸਗੜ੍ਹ ਸਾਹਿਬ ਵਿਖੇ ਅੰਮ੍ਰਿਤ-ਸੰਚਾਰ ਸਮਾਗਮ ਹੋਇਆ। ਆਪ ਜੀ ਇਸ ਬੈਰਾਗੀ ਦਸ਼ਾ ਵਿਚ ਅੰਮ੍ਰਿਤ ਅਭਿਲਾਖੀਆਂ ਦੀ ਕਤਾਰ ਵਿਚ ਜਾ ਰਲੇ। ਮਾਤਾ-ਪਿਤਾ ਦੇ ਉਚੇ ਸੁਚੇ ਜੀਵਨ ਦੀ ਲਾਗ ਆਪ ਨੂੰ ਜਨਮ ਤੋਂ ਪ੍ਰਾਪਤ ਸੀ। ਪੂਰਬਲੇ ਅੰਕੂਰ ਹੁਣ ਆ ਪ੍ਰਗਟੇ ਅਤੇ ਪੰਜਾਂ ਪਿਆਰਿਆਂ ਵਲੋਂ ਅੰਮ੍ਰਿਤ-ਦਾਤ ਮਿਲਣ ਸਾਰ ਹੀ ਸੁਰਤੀ ਬਿਰਤੀ ਗੁਰੂ-ਚਰਨਾਂ ਵਿਚ ਵਿਝ ਗਈ। ਆਪ ਦਿਨੇ ਰਾਤ ਹੀ ਅੰਮ੍ਰਿਤ-ਬਾਣੀ ਨਾਲ ਓਤਿ ਪੋਤਿ ਹੋਏ ਰਹਿੰਦੇ।

ਕੁਝ ਦਿਨ ਅਨੰਦਪੁਰ ਸਾਹਿਬ ਟਿਕ ਕੇ ਫਿਰ ਆਪ ਡੇਹਰਾਦੂਨ ਆਪਣੇ ਤਾਇਆ ਜੀ ਪਾਸ ਆ ਗਏ। ਕਰਨਲ ਪਿਆਰਾ ਸਿੰਘ ਜੀ ਡਾਕਟਰ ਜੀ ਦੇ ਪਿਤਾ ਸੂਬੇਦਾਰ ਹਰਿਬਚਨ ਸਿੰਘ ਜੀ ਦੇ ਅਤਿ ਪਿਆਰੇ ਹਮਜੋਲੀ ਸਨ। ਦੋਵੇਂ ਇਕ ਦੂਜੇ ਨੂੰ ਵੇਖ ਵੇਖ ਜੀਉਂਦੇ ਸਨ। ਇਨ੍ਹਾਂ ਦਿਨਾਂ ਵਿਚ ਕਰਨਲ ਸਾਹਿਬ ਦੀ ਲੜਕੀ ਦਾ ਮਨਸੂਰੀ ਤੋਂ ਟੈਲੀਫੋਨ ਆਇਆ ਕਿ ਸਤਿਕਾਰ ਭਾ: ਸਾ: ਭਾਈ ਰਣਧੀਰ ਸਿੰਘ ਜੀ ਨੂੰ ਅਲੀਚੀਆਂ ਦੀ ਟੋਕਰੀ ਭੇਜਣੀ ਹੈ। ਇਸ ਲਈ ਕਾਕੇ ਸੁਰਿੰਦਰ ਸਿੰਘ ਨੂੰ ਭੇਜ ਦਿਓ ਤਾਂਕਿ ਅਲੀਚੀਆਂ ਉਹਨਾਂ ਦੇ ਹੱਥੀਂ ਭਾਈ ਸਾਹਿਬ ਜੀ ਨੂੰ ਕੁਮਾਰ ਹੱਟੀ ਭੇਜੀਆਂ ਜਾ ਸਕਣ। ਟੈਲੀਫੋਨ ਸੰਦੇਸ਼ ਮਿਲਣ ਸਾਰ ਡਾਕਟਰ ਜੀ ਮਨਸੂਰੀ ਪੁੱਜ ਗਏ। ਕਰਨਲ ਪਿਆਰਾ ਸਿੰਘ ਜੀ ਆਪਣੀ ਬੱਚੀ ਪਾਸ ਹੀ ਟਿਕੇ ਹੋਏ ਸਨ। ਉਹਨਾਂ ਨੇ ਡਾਕਟਰ ਜੀ ਨੂੰ ਕੁਮਾਰ ਹੱਟੀ ਦੇ ਰਸਤੇ ਆਦਿ ਬਾਰੇ ਪੂਰੀ ਤਰ੍ਹਾਂ ਸਮਝਾ ਦਿੱਤਾ। ਦੂਜੇ ਦਿਨ ਅੰਮ੍ਰਿਤ ਵੇਲੇ ਦੇ ਨਿਤਨੇਮ ਤੋਂ ਬਾਅਦ ਡਾਕਟਰ ਜੀ ਨੇ ਕੁਮਾਰ ਹੱਟੀ ਲਈ ਕਮਰਕੱਸੇ ਕਰ ਲਏ। ਅਲੀਚੀਆਂ ਦੀ ਟੋਕਰੀ ਸਿਰ ਤੇ ਟਿਕਾ ਲਈ ਅਤੇ ਰੇਲਵੇ ਸਟੇਸ਼ਨ ਵਲ ਗੱਡੀ ਫੜਨ ਲਈ ਚਲ ਪਏ। ਪਰ ਡਾਕਟਰ ਜੀ ਨੂੰ ਇਹ ਕੀ ਪਤਾ ਸੀ ਕਿ ਇਹੋ ਪਿਆਰ ਰੂਪੀ ਤੋਹਫਾ ਉਹਨਾਂ ਦੀ ਆਤਮਿਕ ਅਵਸਥਾ ਤੇ ਸੋਨੇ ਤੇ ਸੁਹਾਗੇ ਵਾਲਾ ਕੰਮ ਕਰੇਗਾ। ਵਾਹਿਗੁਰੂ, ਵਾਹਿਗੁਰੂ ਕਰਦਿਆਂ ਜਿਉਂ ਜਿਉਂ ਸਫਰ ਲਾਗੇ


www.AKJ.Org

ਆ ਰਿਹਾ ਸੀ, ਡਾਕਟਰ ਜੀ ਦੇ ਅੰਦਰੋਂ ਅੰਦਰ ਕੋਈ ਖਿਚ ਵਧਦੀ ਜਾ ਰਹੀ ਸੀ। ਇਸ ਤੋਂ ਪਹਿਲਾਂ ਆਪ ਜੀ ਨੇ ਕਦੇ ਵੀ ਭਾਈ ਸਾਹਿਬ ਜੀ ਦੇ ਦਰਸ਼ਨ ਨਹੀਂ ਸਨ ਕੀਤੇ। ਸੁਣਿਆ ਤਾਂ ਭਾਵੇਂ ਬਹੁਤ ਕੁਝ ਸੀ, ਪਰ ਦਰਸ਼ਨ ਪਰਸਨ ਦਾ ਸੰਜੋਗ ਹੁਣ ਹੀ ਬਣਿਆ ਸੀ। ਕੁਮਾਰ ਹੱਟੀ ਸਟੇਸ਼ਨ ਤੋਂ ਅਲੀਚੀਆਂ ਦੀ ਟੋਕਰੀ ਸਿਰ ਤੇ ਚੁੱਕ ਕੇ ਆਪ ਜੀ ਰਵਾਂ ਰਵੀਂ ਕਰਨਲ ਸਾਹਿਬ ਦੇ ਸਮਝਾਏ ਰਸਤੇ ਅਨੁਸਾਰ ਭਾਈ ਸਾਹਿਬ ਜੀ ਦੇ ਅਸਥਾਨ ਵੱਲ ਚੱਲ ਪਏ। ਇੰਜ ਜਾਪਦਾ ਸੀ ਜਿਵੇਂ ਕੋਈ ਉਨ੍ਹਾਂ ਨੂੰ ਗਾਈਡ ਕਰ ਰਿਹਾ ਸੀ।

ਭਾਈ ਸਾਹਿਬ ਜੀ ਦੀ ਅਲੌਕਿਕ ਮਿਲਣੀ ਬਾਰੇ ਡਾਕਟਰ ਜੀ ਆਪਣੀ ਜ਼ਬਾਨੀ ਕਈ ਵੇਰ ਦੱਸਿਆ ਕਰਦੇ ਸਨ। ਇਹ ਵਾਰਤਾ ਦਸਣ ਸਮੇਂ ਇਹਨਾਂ ਦੀਆਂ ਅੱਖਾਂ 'ਚ ਹੰਝੂ ਟਪਕਣ ਲੱਗ ਪੈਂਦੇ ਸਨ ਅਤੇ ਉਨ੍ਹਾਂ ਨੂੰ ਛੁਪਾਉਣ ਖ਼ਾਤਿਰ ਆਪ ਉਠ ਕੇ ਤੁਰ ਜਾਂਦੇ ਸਨ। ਭਾਈ ਸਾਹਿਬ ਜੀ ਦੇ ਤਪੋ-ਅਸਥਾਨ ਤੇ ਆਪ ਪੁੱਜੇ ਤਾਂ ਸਾਹਮਣੇ ਭਾਈ ਸਾਹਿਬ ਦੀ ਬੱਚੀ ਬੀਬੀ ਦਲੇਰ ਕੌਰ ਜੀ ਖੜੇ ਸਨ। ਡਾਕਟਰ ਜੀ ਨੇ ਬੀਬੀ ਜੀ ਨੂੰ ਦੱਸਿਆ ਕਿ ਉਹਨਾਂ ਨੂੰ ਕਰਨਲ ਪਿਆਰਾ ਸਿੰਘ ਨੇ ਮਨਸੂਰੀ ਤੋਂ ਭੇਜਿਆ ਹੈ। ਭਾਈ ਸਾਹਿਬ ਦੇ ਬਾਰੇ ਪੁੱਛ ਕੀਤਾ ਤਾਂ ਬੀਬੀ ਜੀ ਨੇ ਗੁਰਦੁਆਰੇ ਸਾਹਿਬ ਵੱਲ ਇਸ਼ਾਰਾ ਕੀਤਾ। ਡਾਕਟਰ ਜੀ ਅੰਦਰ ਪੁੱਜੇ ਤਾਂ ਕੀ ਦੇਖਦੇ ਹਨ ਕਿ ਇਕ ਸਿੰਘ ਜੋੜੀ ਵਜਾ ਰਿਹਾ ਹੈ। ਅਤੇ ਭਾਈ ਸਾਹਿਬ ਵਾਜੇ ਅੱਗੇ ਸਜੇ ਹੋਏ ਉਚੀਆਂ ਸੁਰਾਂ ਵਿਚ ਕੀਰਤਨ ਵਿਚ ਮਸਤ ਹਨ। ਸਰੀਰ ਕਰਕੇ ਭਾਵੇਂ ਕੋਈ ਸਰੋਤਾ ਦਿਖਾਈ ਨਹੀਂ ਸੀ ਦਿੰਦਾ, ਪਰ ਇੰਜ ਜਾਪਦਾ ਸੀ ਜਿਵੇਂ ਬੇਅੰਤ ਸਰੋਤਾ-ਗੁਣ ਸਮਾਧੀ-ਸਥਿਤ ਕੀਰਤਨ ਨਾਲ ਜੁੜ ਰਹੇ ਹਨ। ਕੀਰਤਨ ਦੇ ਭੋਗ ਤੋਂ ਬਾਅਦ ਸੋਦਰ ਰਹਿਰਾਸ ਸਾਹਿਬ ਦੇ ਪਾਠ ਹੋਏ। ਅਰਦਾਸ ਤੇ ਹੁਕਮਨਾਮੇ ਪਿੱਛੋਂ ਸੁਖ ਆਸਨ ਹੋਇਆ ਤਾਂ ਭਾਈ ਸਾਹਿਬ ਜੀ ਬਿਰਾਜਣ ਲਈ ਉਪਰਲੇ ਕਮਰੇ ਵਲ ਤੁਰ ਪਏ। ਇਹੋ ਜਿਹੀ ਰੰਗ-ਰੰਗੀਲੀ ਦਸ਼ਾ ਵਿਚ ਮਸਤੁਲ ਮਸਤ ਭਾਈ ਸਾਹਿਬ ਜੀ ਨੂੰ ਬੀਬੀ ਦਲੇਰ ਕੌਰ ਜੀ ਨੇ ਜਾ ਦੱਸਿਆ ਕਿ ਕਰਨਲ ਸਾਹਿਬ ਨੇ ਆਪ ਲਈ ਅਲੀਚੀਆਂ ਦੀ ਟੋਕਰੀ ਭੇਜੀ ਹੈ। ਭਾਈ ਸਾਹਿਬ ਦੇ ਪੁੱਛਣ ਤੇ ਕਿ ਕੌਣ ਲੈ ਕੇ ਆਇਆ ਹੈ? ਬੀਬੀ ਜੀ ਨੇ ਦੱਸਿਆ- ''ਸੂਬੇਦਾਰ ਹਰਿਬਚਨ ਸਿੰਘ ਜੀ ਦਾ ਲੜਕਾ ਸੁਰਿੰਦਰ ਸਿੰਘ।'' ਬੀਬੀ ਜੀ ਦੀ ਇੰਨੀ ਗੱਲ ਕਹਿਣ ਦੀ ਦੇਰ ਹੀ ਸੀ ਕਿ ਭਾਈ ਸਾਹਿਬ ਨੇ ਘੁੰਮ ਕੇ ਡਾਕਟਰ ਜੀ ਵੱਲ ਇੰਜ ਦੇਖਿਆ, ਮਾਨੋ ਕੋਈ ਗਵਾਚਾ ਹੀਰਾ ਲੱਭ ਪਿਆ। ਭਾਈ ਸਾਹਿਬ ਨੇ ਆਪ ਜੀ ਨੂੰ ਆਪਣੀ ਗਲਵਕੜੀ ਵਿਚ ਘੁਟ ਲਿਆ ਅਤੇ ਘੁਟੀ ਹੀ ਜਾਣ।

ਪੂਰਬ ਜਨਮ ਕੇ ਮਿਲੇ ਸੰਜੋਗੀ ਵਾਲੀ ਪਾਰਸ-ਕਲਾ ਵਰਤ ਗਈ। ਭਾਈ ਸਾਹਿਬ ਡਾਕਟਰ ਜੀ ਨੂੰ ਗਲਵਕੜੀ ਚੋਂ ਛੱਡਣ ਹੀ ਨਾ। ਗੁਰਮੁਖ-ਸੰਜੋਗੀਆਂ ਦੀਆਂ ਅਖੜੀਆਂ ਨੀਰੋ ਨੀਰ ਵਹਿ ਤੁਰੀਆਂ। ਆਪਣੇ ਅਤਿ ਪਿਆਰ ਸੰਜੋਗੀ ਮਿਲੇ ਵੀਰ ਹਰਿਬਚਨ ਸਿੰਘ ਜੀ ਦੀ ਆਤਮਾ ਇਸ ਹੋਣਹਾਰ ਸੁਰਿੰਦਰ ਸਿੰਘ ਵਿਚੋਂ ਝਲਕਾਂ ਮਾਰਦੀ ਦਿਸ ਰਹੀ ਸੀ। ਉਸ ਵੇਲੇ ਭਾਈ ਸਾਹਿਬ ਦਾ ਵੈਰਾਗ ਅਕਥਨੀਯ ਸੀ। ਡਾਕਟਰ ਜੀ ਕਿਹਾ ਕਰਦੇ ਸਨ ਕਿ ਜਦੋਂ ਮੈਨੂੰ ਭਾਈ ਸਾਹਿਬ ਨੇ ਗਲਵਕੜੀ 'ਚ ਲਿਆ ਤਾਂ ਮੈਨੂੰ ਮੇਰੇ ਪਿਤਾ ਜੀ ਦਾ ਬਚਪਨ ਵਿਚ ਮਿਲਿਆ ਹੋਇਆ ਪਿਆਰ ਪਰਤੱਖ ਹੋ ਆਇਆ ਅਤੇ ਅੰਦਰਲਾ ਠੰਡਾ-ਠਾਰ ਹੋ ਕੇ ਵਹਿ ਤੁਰਿਆ ਅਤੇ ਇਹੋ ਜਾਪਿਆ ਕਿ ਮੇਰੇ ਸਭ ਕੁਝ ਇਹੋ ਹੀ ਹਨ। ਗਲਵਕੜੀ ਖੁਲ੍ਹੀ, ਅੱਖਾਂ ਦੋ ਤੋਂ ਚਾਰ ਹੋਈਆਂ ਤਾਂ ਭਾਈ ਸਾਹਿਬ ਕਹਿਣ ਲੱਗੇ, ਅੱਜ ਤੂੰ ਚਿਰੀਂ ਵਿਛੁੰਨੇ ਹੋਏ ਪਿਆਰਨਾ-ਪਿਆਰ ਵਾਲੇ ਮੇਰੇ ਵੀਰ ਹਰਿਬਚਨ ਸਿੰਘ ਦੀ ਯਾਦ ਤਾਜ਼ਾ ਕਰਾ ਦਿੱਤੀ ਹੈ।

ਦੂਜੇ ਦਿਨ ਡਾਕਟਰ ਜੀ ਨੇ ਭਾਈ ਸਾਹਿਬ ਤੋਂ ਵਾਪਸੀ ਦੀ ਆਗਿਆ ਮੰਗੀ। ਜਾਣ ਦੀ ਆਗਿਆ ਕੀ ਦੇਣੀ ਸੀ, ਭਾਈ



www.AKJ.Org

ਸਾਹਿਬ ਨੇ ਡਾਕਟਰ ਜੀ ਦਾ ਹੱਥ ਘੁੱਟ ਕੇ ਫੜ ਲਿਆ ਅਤੇ ਅਣਿਆਲੇ ਬਾਣ ਵਾਂਗ ਤਕਣੀ ਸੁੱਟ ਕੇ ਕਹਿਣ ਲੱਗੇ, ''ਮੈਨੂੰ ਛੱਡ ਕੇ ਚਲਾ ਜਾਵੇਂਗਾ। ਮੈਂ ਨਹੀਂ ਜਾਣ ਦੇਣਾ, ਮੈਂ ਤਾਂ ਜੀਉਂਦਾ ਹੀ ਤੁਹਾਡੇ ਆਸਰੇ ਹਾਂ। ਇਤਨਾ ਕਹਿ ਕੇ ਭਾਈ ਸਾਹਿਬ ਫਿਰ ਵੈਰਾਗ ਵਿਚ ਆ ਗਏ। ਆਗਿਆ ਕੀ ਮਿਲਣੀ ਸੀ, ਸਗੋਂ ਡਾਕਟਰ ਜੀ ਆਪ ਵੀ ਵੈਰਾਗ ਵਿਚ ਆ ਗਏ ਅਤੇ ਬਾਹਰ ਚਲੇ ਗਏ।

ਤੀਜੇ ਦਿਨ ਫਿਰ ਡਾਕਟਰ ਜੀ ਨੇ ਵਾਪਸੀ ਦੀ ਆਗਿਆ ਮੰਗੀ ਤਾਂ ਭਾਈ ਸਾਹਿਬ ਜੀ ਫਿਰ ਵੈਰਾਗ ਵਿਚ ਆ ਗਏ ਅਤੇ ਕਹਿਣ ਲੱਗੇ, ਮੈਂ ਅੱਜ ਨਹੀਂ ਜਾਣ ਦੇਣਾ। ਡਾਕਟਰ ਜੀ ਫਿਰ ਰੁਕ ਗਏ। ਸਾਰਾ ਦਿਨ ਡਾਕਟਰ ਜੀ ਦੇਖਦੇ ਰਹੇ ਕਿ ਜਦੋਂ ਭਾਈ ਸਾਹਿਬ ਇਸ ਬੈਰਾਗੀ ਅਵਸਥਾ ਚੋਂ ਥੱਲੇ ਆਉਣ ਤਾਂ ਮੈਂ ਜਾਣ ਦੀ ਆਗਿਆ ਲਈ ਜੋਦੜੀ ਕਰਾਂ। ਪਰ ਭਾਈ ਸਾਹਿਬ ਤਾਂ ਚਵੀ ਘੰਟੇ ਹੀ ਬੈਰਾਗੀ ਰਹਿੰਦੇ ਸਨ। ਅੰਤ ਨੂੰ ਡਾਕਟਰ ਜੀ ਨੇ ਬੀਬੀ ਦਲੇਰ ਕੌਰ ਜੀ ਨੂੰ ਬੇਨਤੀ ਕੀਤੀ ਕਿ ਮੈਨੂੰ ਵਾਪਸ ਡੇਹਰਾਦੂਨ ਜਾਣ ਦੀ ਪ੍ਰਵਾਨਗੀ ਲੈ ਕੇ ਦੇਵੋ। ਬੀਬੀ ਜੀ ਬਾਪੂ ਜੀ ਪਾਸ ਗਏ ਅਤੇ ਕਹਿਣ ਲੱਗੇ, ''ਬਾਪੂ ਜੀ, ਕਾਕਾ ਵਾਪਸ ਡੇਹਰਾਦੂਨ ਜਾਣ ਦੀ ਆਗਿਆ ਚਾਹੁੰਦਾ ਹੈ।'' ਭਾਈ ਸਾਹਿਬ ਕਹਿਣ ਲੱਗੇ, ਕਾਕਾ ਕਿਥੇ ਹੈ?

ਬੀਬੀ ਜੀ-ਬਾਹਰ ਖੜਾ ਹੈ ਜੀ। ਭਾਈ ਸਾਹਿਬ ਜੀ-ਬੁਲਾਉਣਾ।

''ਕਿਉਂ ਕਾਕਾ ਸੁਰਿੰਦਰ ਸਿੰਘ ਤੂੰ ਜ਼ਰੂਰ ਹੀ ਚਲੇ ਜਾਣਾ ਹੈ।''

ਡਾਕਟਰ ਜੀ-ਜਾਣ ਨੂੰ ਦਿਲ ਤਾਂ ਨਹੀਂ ਕਰਦਾ, ਪਰ ਨੌਕਰੀ ਤੇ ਵਾਪਸ ਵੀ ਜਾਣਾ ਹੈ।

ਜੇ ਜ਼ਰੂਰ ਹੀ ਜਾਣਾ ਹੈ ਤਾਂ ਜਾਉ। ਕਈ ਪ੍ਰਕਾਰ ਦੀਆਂ ਅਸੀਸਾਂ ਦੇਣ ਪਿੱਛੋਂ ਕਹਿਣ ਲੱਗੇ, ਕਰਨਲ ਪਿਆਰਾ ਸਿੰਘ ਜੀ ਨੂੰ ਕਹਿਣਾ ਕਿ ਮੈਨੂੰ ਤੁਹਾਡੀਆਂ ਭੇਜੀਆਂ ਅਲੀਚੀਆਂ ਦੀ ਖ਼ੁਸ਼ੀ ਨਾਲੋਂ ਵੀ ਬਹੁਤੀ ਖ਼ੁਸ਼ੀ ਅਲੀਚੀਆਂ ਲਿਆਉਣ ਵਾਲੇ ਨੂੰ ਮਿਲ ਕੇ ਹੋਈ ਹੈ।

ਡਾਕਟਰ ਜੀ ਨੂੰ ਆਗਿਆ ਤਾਂ ਮਿਲ ਗਈ, ਸਟੇਸ਼ਨ ਨੂੰ ਤੁਰ ਵੀ ਪਏ, ਪਰ ਅੰਦਰਲਾ ਪਿਛੇ ਹੀ ਰਿਹਾ। ਪਿਠ ਘੁੰਮਾ ਕੇ ਕਈ ਵੇਰ ਪਿਛੇਂ ਦੇਖਦੇ ਤੇ ਫਿਰ ਤੁਰ ਪੈਂਦੇ। ਇਹ ਮਿਲਾਪ ਦੀਆਂ ਘੜੀਆਂ ਇਹਨਾਂ ਪੈਂਡਿਆਂ ਨਾਲ ਥੋੜ੍ਹੀਆਂ ਮੁਕਦੀਆਂ ਹਨ। ਦਿਲ ਮਿਲਣ ਦੀਆਂ ਬਾਤਾਂ ਉਹੋ ਹੀ ਜਾਣਦਾ ਹੈ ਜਿਹੜਾ ਅਸਲ ਮਿਲਿਆ ਹੋਇਆ ਹੋਵੇ। ਜਦੋਂ ਕਦੀ ਡਾਕਟਰ ਜੀ ਪ੍ਰੇਮ-ਮਿਲਾਪ ਦੀ ਇਹ ਕਥਾ ਦੱਸਿਆ ਕਰਦੇ ਸਨ ਤਾਂ ਅਖੀਰ 'ਚ ਕਿਹਾ ਕਰਦੇ ਸਨ ਕਿ ਭਾਈ ਸਾਹਿਬ ਪਾਸੋਂ ਵਿਛੜਨਾ ਬਹੁਤ ਔਖਾ ਸੀ। ਕੋਈ ਹਿੰਮਤ ਵਾਲਾ ਬੰਦਾ ਹੀ ਭਾਈ ਸਾਹਿਬ ਜੀ ਨੂੰ ਮਿਲ ਕੇ ਵਿਛੜ ਸਕਦਾ ਸੀ।

ੴ



www.AKJ.Org

# ਸਮਾਗਮ

੧. ਗੁ: ਬਿਬੇਕਸਰ ਸਾਹਿਬ (ਅੰਮ੍ਰਿਤਸਰ) ਵਿਖੇ ਮਾਸਿਕ ਰੈਣ ਸਬਾਈ ੨੮ ਜੁਲਾਈ ਰਾਤ ਨੂੰ :-

ਨੋਟ – ਗੁ: ਬਿਬੇਕਸਰ ਸਾਹਿਬ ਵਿਖੇ ਹਰ ਅੰਗ੍ਰੇਜ਼ੀ ਮਹੀਨੇ ਦੇ ਅਖੀਰੀ ਸ਼ਨਿਚੱਰਵਾਰ ਨੂੰ ਰੈਣ ਸਬਾਈ ਕੀਰਤਨ ਹੁੰਦੇ ਹਨ। ਸਮੂਹ ਸੰਗਤਾਂ ਪ੍ਰਤੀ ਬੇਨਤੀ ਇਹ ਹੈ ਕਿ ਉਹ ਆਪਣੇ ਸਮਾਗਮ ਰੱਖਣ ਸੰਬੰਧੀ ਇਸ ਸਮਾਗਮ ਨੂੰ ਧਿਆਨ ਵਿਚ ਰੱਖ ਕੇ ਪ੍ਰੋਗਰਾਮ ਉਲੀਕਣ ਅਤੇ ਹਰ ਮਹੀਨੇ ਵੱਧ ਤੋਂ ਵੱਧ ਗਿਣਤੀ ਵਿਚ ਹਾਜ਼ਰੀ ਭਰ ਕੇ ਕੀਰਤਨ ਸਮਾਗਮਾਂ ਦੇ ਅਤੇ ਸ੍ਰੀ ਦਰਬਾਰ ਸਾਹਿਬ ਦੇ ਦਰਸ਼ਨ ਇਸ਼ਨਾਨ ਦੇ ਲਾਹੇ ਭੁੰਚੋ ਜੀ।

ਦਾਸਰੇ ਅਖੰਡ ਕੀਰਤਨੀ ਜਥਾ ਅੰਮ੍ਰਿਤਸਰ

ਤਰਨ ਤਾਰਨ

੨. ਗੁ: ਮੰਜੀ ਸਾਹਿਬ ਜੀ. ਟੀ. ਰੋਡ ਅੰਬਾਲਾ ਵਿਖੇ ਸਲਾਨਾ ਅਖੰਡ ਕੀਰਤਨ ਸਮਾਗਮ ੪ ਅਗਸਤ ਸ਼ਨੀਵਾਰ ਸਵੇਰੇ ਭੋਗ ਸ੍ਰੀ ਅਖੰਡ ਪਾਠ ਸਾਹਿਬ ਉਪ੍ਰੰਤ ਦੁਪਹਿਰ ਤਕ ਅਖੰਡ ਕੀਰਤਨ, ਸ਼ਾਮ ਸੋਦਰ ਉਪ੍ਰੰਤ ਆਰੰਭ ਰੈਣ ਸਬਾਈ ਕੀਰਤਨ।

੫-੮-੨੦੦੧ ਸਮਾਪਤੀ ਸਵੇਰੇ ੫ ਵਜੇ।

**੩. ਅਖੰਡ ਕੀਰਤਨੀ ਜਥਾ ਭੋਪਾਲ ਮੱਧ ਪ੍ਰਦੇਸ਼ 'ਚ ਰੈਣਿ ਸਬਾਈ ਕੀਰਤਨ**

ਭਾਈ ਗੁਰਨਾਮ ਸਿੰਘ ਜੀ ਮੁਖੀ ਮੱਧ ਪ੍ਰਦੇਸ਼ ਅਖੰਡ ਕੀਰਤਨੀ ਜਥਾ ਦੀ ਸੂਚਨਾ ਮੁਤਾਬਕ ੧੪ ਅਗਸਤ ਨੂੰ ਸਵੇਰੇ ੪ ਤੋਂ ੧੦ ਵਜੇ ਤਕ ਦਿਵਸ ਸੁਹੇਲਾ ਕੀਰਤਨ ਗੁਰਦੁਆਰਾ ਗੋਬਿੰਦ ਪੁਰਾ, ਇਸੇ ਦਿਨ ਹੀ ਸ਼ਾਮ ਨੂੰ ਕੀਰਤਨ ਰੈਣਿ ਸਬਾਈ ੭ ਵਜੇ ਅਰੰਭ ਭੋਗ ਦੂਜੇ ਦਿਨ ੧੫ ਅਗਸਤ ਨੂੰ ਭੋਗ ਸਵੇਰੇ ੫ ਵਜੇ।

ਨੋਟ : ਲੰਗਰ ਅਤੇ ਰਹਾਇਸ਼ ਦਾ ਪ੍ਰਬੰਧ ਗੁਰਦੁਆਰਾ ਗੁਰੂ ਨਾਨਕ ਦਰਬਾਰ ਬੀ. ਐਸ. ਈ. ਐਲ ਵਿਖੇ ਹੀ ਹੋਵੇਗਾ।

## ਸੂਰਾ ਸਹਾਇਤਾ

| | | |
|---|---|---|
| ੧. ਗਰੀਬ ਸਿੰਘ ਮਾਨਸਾ | = | ੧੦੦-੦੦ |
| ੨. ਗੁਪਤ | = | ੧੦੦-੦੦ |
| ੩. ਭਾਈ ਰਾਮ ਸਿੰਘ ਕੁੱਪ ਖੁਰਦ ਸੰਗਰੂਰ | = | ੧੦੦੦-੦੦ |
| ੪. ਬੀਬੀ, ਜਸਵਿੰਦਰ ਕੌਰ ਮੁਖ ਸੇਵਾਦਾਰ ਕਪੂਰਥਲਾ ਧਾਰੀਵਾਲ ਬੇਟ | = | ੧੦੦੦-੦੦ |
| ੫. ਸੰਗਤ ਜਗਰਾਓ | = | ੧੦੦੦-੦੦ |



www.AKJ.Org

# ਸੁਖਮਨੀ ਦਾ ਨੂਰ

ਕਾਵਿ ਅਨੁਵਾਦ-ਸ਼੍ਰੋਮਣੀ ਕਵੀ ਸ੍ਰ: ਅਨੂਪ ਸਿੰਘ ਨੂਰੀ, ਮੈਨੇਜਰ,
ਗੁਰਦੁਆਰਾ ਬੇਬੇ ਨਾਨਕੀ ਜੀ ਸੁਲਤਾਨਪੁਰ ਲੋਧੀ।

ਮਹਲਾ ੫ ॥

## *ਗਉੜੀ ਸੁਖਮਨੀ*

ੴ ਸਤਿਗੁਰ ਪ੍ਰਸਾਦਿ ॥

ਸਲੋਕੁ ॥

ਆਦਿ ਗੁਰਏ ਨਮਹ ॥

ਜੁਗਾਦਿ ਗੁਰਏ ਨਮਹ ॥

ਸਤਿਗੁਰਏ ਨਮਹ ॥

ਸ੍ਰੀ ਗੁਰਦੇਵਏ ਨਮਹ ॥ ੧ ॥



www.AKJ.Org

## ਅਨੁਵਾਦ

ਇਹ ਉਹ ਨੂਰੀ ਮਣੀ ਸੁੱਖਾਂ ਦੀ,
ਜਿਸ ਤੋਂ ਮਿਲਦਾ ਨੂਰ ਸੁੱਖਾਂ ਦਾ॥
ਇਸ ਦਾ ਸਿਮਰਨ ਕਰਕੇ ਪ੍ਰਾਨੀ,
ਹਾਸਿਲ ਕਰੇ ਸਰੂਰ ਸੁੱਖਾਂ ਦਾ॥
ਗਉੜੀ ਰਾਗ ਦੇ ਵਿਚ ਗੁਰੂ ਅਰਜਨ,
ਬਖਸ਼ਿਆ ਅਮਰ ਖ਼ਜ਼ਾਨਾ ਸਾਨੂੰ॥
ਹਰ ਸੁੱਖ ਇਸ ਚੋਂ ਮਿਲਦਾ ਪਿਆਰੇ,
ਇਹ ਐਨਾਂ ਭਰਪੂਰ ਸੁੱਖਾਂ ਦਾ॥

## ਅਨੁਵਾਦ

ਜੱਗ ਵਿਚ ਕੇਵਲ ਇਕ ਹੈ, ਸਤਿਗੁਰ ਪੁਰਖ ਅਕਾਲ॥
ਮਿਲਦਾ ਭਾਗਾਂ ਵਾਲਿਆਂ, ਮਿਹਰ ਗੁਰਾਂ ਦੀ ਨਾਲ॥

## ਅਨੁਵਾਦ

ਪਹਿਲੇ ਗੁਰੂ ਦਾਤਾਰ ਨੂੰ ਨਮਸਕਾਰ ਐ,
ਜੁਗੋ ਜੁਗੀ ਕਰਤਾਰ ਨੂੰ ਨਮਸਕਾਰ ਐ॥
ਸੱਚੇ ਗੁਰੂ ਸਾਕਾਰ ਨੂੰ ਨਮਸਕਾਰ ਐ,
ਗੁਰੂ ਦੇਵ ਦੇ ਪਿਆਰ ਨੂੰ ਨਮਸਕਾਰ ਐ॥



www.AKJ.Org

## ॥ ਅਸਟਪਦੀ ॥

(੧) ਸਿਮਰਉ ਸਿਮਰਿ ਸਿਮਰਿ ਸੁਖੁ ਪਾਵਉ ॥
ਕਲਿ ਕਲੇਸ ਤਨ ਮਾਹਿ ਮਿਟਾਵਉ ॥
(੨) ਸਿਮਰਉ ਜਾਸੁ ਬਿਸੁੰਭਰ ਏਕੈ ॥
ਨਾਮੁ ਜਪਤ ਅਗਨਤ ਅਨੇਕੈ ॥
(੩) ਬੇਦ ਪੁਰਾਨ ਸਿੰਮ੍ਰਿਤਿ ਸੁਧਾਖ੍ਯ੍ਰ ॥
ਕੀਨੇ ਰਾਮ ਨਾਮ ਇਕ ਆਖ੍ਯ੍ਰ ॥
(੪) ਕਿਨਕਾ ਏਕ ਜਿਸੁ ਜੀਅ ਬਸਾਵੈ ॥
ਤਾਕੀ ਮਹਿਮਾ ਗਨੀ ਨ ਆਵੈ ॥
(੫) ਕਾਂਖੀ ਏਕੈ ਦਰਸ ਤੁਹਾਰੋ ॥
ਨਾਨਕ ਉਨ ਸੰਗਿ ਮੋਹਿ ਉਧਾਰੋ ॥ ੧ ॥
ਸੁਖਮਨੀ ਸੁਖ ਅੰਮ੍ਰਿਤ ਪ੍ਰਭ ਨਾਮੁ ॥
ਭਗਤ ਜਨਾ ਕੈ ਮਨਿ ਬਿਸ੍ਰਾਮ ॥ ਰਹਾਉ ॥

ੴ

(੧) ਪ੍ਰਭ ਕੈ ਸਿਮਰਨਿ ਗਰਭਿ ਨ ਬਸੈ ॥
ਪ੍ਰਭ ਕੈ ਸਿਮਰਨਿ ਦੂਖੁ ਜਮੁ ਨਸੈ ॥
(੨) ਪ੍ਰਭ ਕੈ ਸਿਮਰਨਿ ਕਾਲੁ ਪਰਹਰੈ ॥
ਪ੍ਰਭ ਕੈ ਸਿਮਰਨਿ ਦੁਸਮਨੁ ਟਰੈ ॥
(੩) ਪ੍ਰਭ ਸਿਮਰਤ ਕਛੁ ਬਿਘਨੁ ਨ ਲਾਗੈ ॥
ਪ੍ਰਭ ਕੈ ਸਿਮਰਨਿ ਅਨਦਿਨੁ ਜਾਗੈ ॥
(੪) ਪ੍ਰਭ ਕੈ ਸਿਮਰਨਿ ਭਉ ਨ ਬਿਆਪੈ ॥
ਪ੍ਰਭ ਕੈ ਸਿਮਰਨਿ ਦੁਖੁ ਨ ਸੰਤਾਪੈ ॥
(੫) ਪ੍ਰਭ ਕਾ ਸਿਮਰਨੁ ਸਾਧ ਕੈ ਸੰਗਿ ॥
ਸਰਬ ਨਿਧਾਨ ਨਾਨਕ ਹਰਿ ਰੰਗਿ ॥ ੨ ॥


www.AKJ.Org

## ਅਨੁਵਾਦ

ਅੱਠ ਬੰਦਾਂ ਵਾਲੀ ਇਹ ਬਾਣੀ, ਹਰ ਇਕ ਬੰਦ ਨੂੰ ਪੜ੍ਹੋ ਵਿਚਾਰੋ॥
ਇਸਨੂੰ ਆਪਣੇ ਚਿਤ ਵਸਾਕੇ, ਨੂਰੀ ਪ੍ਰਭ ਦਾ ਸ਼ੁਕਰ ਗੁਜਾਰੋ॥

## ਅਨੁਵਾਦ

(੧) ਸਿਮਰਨ ਵਿਚ ਹੀ ਸਾਰੇ ਸੁਖ ਨੇ, ਸਿਮਰਨ ਕਰਕੇ ਮੈਂ ਸੁਖ ਪਾਵਾਂ॥
ਸਿਮਰਨ ਤੇ ਮਨ ਤਨ ਰਹੇ ਸੀਤਲ, ਇਸ ਥੀਂ ਦੁੱਖ ਕਲੇਸ਼ ਮਿਟਾਵਾਂ॥
(੨) ਸਿਮਰਾਂ ਜੋ ਰਖਵਾਲਾ ਸਭ ਦਾ, ਸਿਮਰਾਂ ਜੋ ਸੰਸਾਰ 'ਚ ਇਕ ਹੈ॥
ਸਿਮਰਾਂ ਸਦਾ ਉਹ ਸਤਿਗੁਰ ਪਿਆਰਾ, ਹਰ ਹਿਕ ਨੂੰ ਹੀ ਜਿਸਦੀ ਸਿਕ ਹੈ॥
(੩) ਵੇਦ, ਪੁਰਾਨ, ਸਿੰਮ੍ਰਿਤ ਤੇ ਸ਼ਾਸ਼ਤਰ, ਸਭ ਨੇ ਕੀਤਾ ਏਹੋ ਨਿਤਾਰਾ॥
ਰਾਮ ਨਾਮ ਦੇ ਇਕ ਅੱਖਰ ਹੀ, ਸਭ ਦਾ ਕਰਨਾ ਪਾਰ ਉਤਾਰਾ॥
(੪) ਤਿਲ ਭਰ ਵੀ ਪ੍ਰਭ ਨਾਮ ਆਪਣਾ, ਜਿਸ ਪ੍ਰਾਨੀ ਦੇ ਚਿਤ ਵਸਾਵੇ॥
ਕੀ ਕਹਿਣੇ ਫਿਰ ਉਸ ਪ੍ਰਾਨੀ ਦੇ, ਉਸ ਦੀ ਉਪਮਾ ਕਹੀ ਨਾ ਜਾਵੇ॥
(੫) ਤੇਰੀ ਇਕੋ ਦੀਦ ਤੋਂ ਜਿਹੜੇ, ਜਾਂਦੇ ਨੇ ਬਲਹਾਰੇ ਸਤਿਗੁਰ॥
ਨੂਰੀ ਪ੍ਰੀਤਮ ਨਾਲ ਉਹਨਾਂ ਦੇ, ਮੈਨੂੰ ਵੀ ਉਹ ਤਾਰੇ ਸਤਿਗੁਰ॥

ਸਭ ਸੁਖਾਂ ਦਾ ਮੂਲ ਹੈ, ਇਕੋ ਪ੍ਰਭ ਦਾ ਨਾਮ॥
ਭਗਤਜਨਾਂ ਦੇ ਦਿਲਾਂ ਵਿਚ, ਕੀਤਾ ਜਿਸ ਬਿਸ੍ਰਾਮ॥

## ਅਨੁਵਾਦ

(੧) ਪ੍ਰਭ ਦਾ ਸਿਮਰਨ ਕਰਿਆਂ ਬੰਦਾ, ਜਨਮ ਮਰਨ ਛੁਟਕਾਰਾ ਪਾਵੇ॥
ਪ੍ਰਭ ਦਾ ਸਿਮਰਨ ਕਰਿਆਂ ਪਿਆਰੇ, ਦੁਖ ਤੇ ਜਮ ਨ ਨੇੜੇ ਆਵੇ॥
(੨) ਪ੍ਰਭ ਦਾ ਸਿਮਰਨ ਕਰਿਆਂ ਬੰਦੇ, ਮੌਤ ਦਾ ਡਰ ਭੈ ਹੋਵੇ ਦੂਰ॥
ਪ੍ਰਭ ਦਾ ਸਿਮਰਨ ਕਰਿਆਂ ਪਿਆਰੇ, ਹਰ ਇਕ ਦੁਸ਼ਮਨ ਟਲੈ ਹਜ਼ੂਰ॥
(੩) ਪ੍ਰਭ ਦਾ ਸਿਮਰਨ ਕਰਿਆਂ ਬੰਦੇ, ਨਾ ਆਵੇ ਔਕੜ ਨਾ ਹਾਰ॥
ਹਰ ਵਿਕਾਰ ਤੋਂ ਪ੍ਰਭ ਦਾ ਸਿਮਰਨ, ਹਰ ਦਮ ਰਖਦਾ ਹੈ ਹੁਸ਼ਿਆਰ॥
(੪) ਪ੍ਰਭ ਦਾ ਸਿਮਰਨ ਕਰਿਆਂ ਪ੍ਰਾਨੀ, ਡਰ ਭੌ ਨਾ ਕੋਈ ਨੇੜੇ ਆਵੇ॥
ਪ੍ਰਭ ਦਾ ਸਿਮਰਨ ਕਰਿਆਂ ਪਿਆਰੇ, ਦੁਖ ਨਾ ਉੱਕਾ ਕੋਈ ਸਤਾਵੇ॥
(੫) ਪ੍ਰਭ ਦਾ ਸਿਮਰਨ ਐ ਮਨ ਮੇਰੇ, ਸਾਧ ਸੰਗ ਮਿਲ ਕਰੋ ਪਿਆਰੇ॥
ਪ੍ਰੀਤ ਗੁਰਾਂ ਵਿਚ ਰੰਗਿਆ ਤਨ ਮਨ, ਸਤਿਗੁਰ ਮਿਲਨ ਖ਼ਜ਼ਾਨੇ ਸਾਰੇ॥


www.AKJ.Org

(੧) ਪ੍ਰਭ ਕੈ ਸਿਮਰਨਿ ਰਿਧਿ ਸਿਧਿ ਨਉ ਨਿਧਿ॥
ਪ੍ਰਭ ਕੈ ਸਿਮਰਨਿ ਗਿਆਨੁ ਧਿਆਨੁ ਤਤੁ ਬੁਧਿ॥
(੨) ਪ੍ਰਭ ਕੈ ਸਿਮਰਨਿ ਜਪ ਤਪ ਪੂਜਾ॥
ਪ੍ਰਭ ਕੈ ਸਿਮਰਨਿ ਬਿਨਸੈ ਦੂਜਾ॥
(੩) ਪ੍ਰਭ ਕੈ ਸਿਮਰਨਿ ਤੀਰਥ ਇਸਨਾਨੀ॥
ਪ੍ਰਭ ਕੈ ਸਿਮਰਨਿ ਦਰਗਹ ਮਾਨੀ॥
(੪) ਪ੍ਰਭ ਕੈ ਸਿਮਰਨਿ ਹੋਇ ਸੁ ਭਲਾ॥
ਪ੍ਰਭ ਕੈ ਸਿਮਰਨਿ ਸੁਫਲ ਫਲਾ॥
(੫) ਸੇ ਸਿਮਰਹਿ ਜਿਨ ਆਪਿ ਸਿਮਰਾਏ॥
ਨਾਨਕ ਤਾ ਕੈ ਲਾਗਉ ਪਾਏ॥ ੩॥

ੴ

(੧) ਪ੍ਰਭ ਕਾ ਸਿਮਰਨੁ ਸਭ ਤੇ ਊਚਾ॥
ਪ੍ਰਭ ਕੈ ਸਿਮਰਨਿ ਉਧਰੇ ਮੂਚਾ॥
(੨) ਪ੍ਰਭ ਕੈ ਸਿਮਰਨਿ ਤ੍ਰਿਸਨਾ ਬੁਝੈ॥
ਪ੍ਰਭ ਕੈ ਸਿਮਰਨਿ ਸਭੁ ਕਿਛੁ ਸੁਝੈ॥
(੩) ਪ੍ਰਭ ਕੈ ਸਿਮਰਨੁ ਨਾਹੀ ਜਮ ਤ੍ਰਾਸਾ॥
ਪ੍ਰਭ ਕੈ ਸਿਮਰਨਿ ਪੂਰਨ ਆਸਾ॥
(੪) ਪ੍ਰਭ ਕੈ ਸਿਮਰਨਿ ਮਨ ਕੀ ਮਲੁ ਜਾਇ॥
ਅੰਮ੍ਰਿਤ ਨਾਮੁ ਰਿਦ ਮਾਹਿ ਸਮਾਇ॥
(੫) ਪ੍ਰਭ ਜੀ ਬਸਹਿ ਸਾਧ ਕੀ ਰਸਨਾ॥
ਨਾਨਕ ਜਨ ਕਾ ਦਾਸਨਿ ਦਸਨਾ॥ ੪॥

ੴ

(੧) ਪ੍ਰਭ ਕਉ ਸਿਮਰਹਿ ਸੇ ਧਨਵੰਤੇ॥
ਪ੍ਰਭ ਕਉ ਸਿਮਰਹਿ ਸੇ ਪਤਿਵੰਤੇ॥
(੨) ਪ੍ਰਭ ਕਉ ਸਿਮਰਹਿ ਸੇ ਜਨ ਪਰਵਾਨ॥
ਪ੍ਰਭ ਕਉ ਸਿਮਰਹਿ ਸੇ ਪੁਰਖ ਪ੍ਰਧਾਨ॥
(੩) ਪ੍ਰਭ ਕਉ ਸਿਮਰਹਿ ਸਿ ਬੇਮੁਹਤਾਜੇ॥
ਪ੍ਰਭ ਕਉ ਸਿਮਰਹਿ ਸਿ ਸਰਬ ਕੇ ਰਾਜੇ॥
(੪) ਪ੍ਰਭ ਕਉ ਸਿਮਰਹਿ ਸੇ ਸੁਖ ਵਾਸੀ॥
ਪ੍ਰਭ ਕਉ ਸਿਮਰਹਿ ਸਦਾ ਅਬਿਨਾਸੀ॥
(੫) ਸਿਮਰਨ ਤੇ ਲਾਗੇ ਜਿਨ ਆਪਿ ਦਇਆਲਾ॥
ਨਾਨਕ ਜਨ ਕੀ ਮੰਗੈ ਰਵਾਲਾ॥ ੫॥


www.AKJ.Org

## ਅਨੁਵਾਦ

(੧) ਪ੍ਰਭ ਸਿਮਰਨ ਵਿਚ ਰਿਧੀਆਂ ਸਿਧੀਆਂ, ਹਾਸਲ ਹੋਣ ਨਾਲੇ ਨੌਂ ਨਿਧੀਆਂ॥
ਪ੍ਰਭ ਦਾ ਸਿਮਰਨ ਗਿਆਨ ਸਿਖਾ ਕੇ, ਕਰਦਾ ਪਿਆਰੇ ਨਿਰਮਲ ਬੁਧੀਆਂ॥
(੨) ਪ੍ਰਭ ਸਿਮਰਨ ਵਿਚ ਜਪ, ਤਪ ਪੂਜਾ, ਸਿਮਰਨ ਕਰ ਹਰ ਬਾਤ ਵਿਚਾਰੇ॥
ਪ੍ਰਭ ਦਾ ਸਿਮਰਨ ਕਰਿਆਂ ਪ੍ਰਾਨੀ, ਪ੍ਰਭ ਬਿਨ ਦੂਜਾ ਹੋਰ ਵਿਸਾਰੇ॥
(੩) ਫਲ ਤੀਰਥ ਇਸ਼ਨਾਨ ਦਾ ਮਿਲਦਾ, ਪ੍ਰਭ ਸਿਮਰਨ ਜੋ ਚਿਤ ਵਸਾਵੇ॥
ਪ੍ਰਭ ਦਾ ਸਿਮਰਨ ਕਰਕੇ ਬੰਦਾ, ਮਾਣ ਸਦਾ ਦਰਗਾਹ ਵਿਚ ਪਾਵੇ॥
(੪) ਪ੍ਰਭ ਦਾ ਸਿਮਰਨ ਜੋ ਹੈ ਕਰਦਾ, ਭੱਲਾ ਭੱਲਾ ਉਹਨੂੰ ਨਜ਼ਰੀਂ ਆਵੇ॥
ਪ੍ਰਭ ਦਾ ਸਿਮਰਨ ਕਰਕੇ ਬੰਦਾ, ਜੀਵਨ ਆਪਣਾ ਸਫਲ ਬਤਾਵੇ॥
(੫) ਸਿਮਰਨ ਪ੍ਰਭ ਦਾ ਉਹ ਹੀ ਕਰਦਾ, ਆਪ ਪ੍ਰਭੂ ਜਿਸ ਤੋਂ ਸਿਮਰਾਵੇ॥
ਸਿਮਰਨ ਵਿਚ ਜੋ ਸੁਰਤੀ ਲਾਉਂਦਾ। ਸਤਿਗੁਰੁ ਤਿਸ ਚਰਨੀਂ ਹੱਥ ਲਾਵੇ॥

## ਅਨੁਵਾਦ

(੧) ਪ੍ਰਭ ਦਾ ਸਿਮਰਨ ਕਰਨਾ ਬੰਦੇ, ਸਭ ਤੋਂ ਚੰਗੀ ਜਗ ਤੇ ਕਾਰ॥
ਸਿਮਰਨ ਪੁਰਖ ਸੁਜਾਨ ਬਣਾਵੇ, ਤਿਆਗੇ ਪ੍ਰਾਨੀ ਸਭ ਵਿਕਾਰ॥
(੨) ਪ੍ਰਭ ਦਾ ਸਿਮਰਨ ਤ੍ਰਿਸ਼ਨਾ ਮਾਰੇ, ਸਿਮਰਨ ਕਰੋ ਸਦਾ ਚਿੱਤ ਨਾਲ॥
ਪ੍ਰਭ ਦਾ ਸਿਮਰਨ ਕਰ ਤੂੰ ਪਿਆਰੇ, ਸਿਮਰਨ ਬੁਧੀ ਕਰੇ ਵਿਸ਼ਾਲ॥
(੩) ਸਿਮਰਨ ਮਨ ਬਲਵਾਨ ਬਣਾਵੇ, ਮੌਤ ਦਾ ਡਰ ਭੈ ਦੇਵੇ ਟਾਲ॥
ਆਸ ਉਹਦੀ ਸਭ ਹੋਵੇ ਪੂਰੀ, ਸਿਮਰੇ ਜੋ ਵੀ ਪੁਰਖ ਅਕਾਲ॥
(੪) ਪ੍ਰਭ ਦਾ ਸਿਮਰਨ ਕਰ ਤੂੰ ਪਿਆਰੇ, ਸਿਮਰਨ ਮਨ ਦੀ ਮੈਲ ਗਵਾਵੈ॥
ਜੋ ਪ੍ਰਭ ਆਪਣੇ ਚਿਤ ਵਸਾਉਂਦਾ, ਨਾਮ ਦਾ ਨੂਰੀ ਅੰਮ੍ਰਿਤ ਪਾਵੈ॥
(੫) ਸੰਤਾਂ ਦੀ ਰਸਨਾ ਤੇ ਪਿਆਰੇ, ਵਸਦਾ ਹੈ ਪ੍ਰਭ ਦਾ ਹੀ ਨਾਮ॥
ਐਸੇ ਸੰਤਾਂ ਦੇ ਦਾਸਾਂ ਦਾ, ਪਿਆਰੇ ਹੋ ਕੇ ਰਹਾਂ ਗੁਲਾਮ॥

## ਅਨੁਵਾਦ

(੧) ਸਿਮਰਨ ਪ੍ਰਭ ਦਾ ਜੋ ਨੇ ਕਰਦੇ, ਜਾਣੋ ਉਹ ਅਸਲੀ ਧਨਵਾਨ॥
ਪ੍ਰਭ ਦਾ ਸਿਮਰਨ ਕਰਨ ਵਾਲੇ, ਹਰ ਥਾਂ ਤੇ ਹੀ ਸੋਭਾ ਪਾਨ॥
(੨) ਪ੍ਰਭ ਦਾ ਸਿਮਰਨ ਜੋ ਨੇ ਕਰਦੇ, ਪ੍ਰਭ ਦੇ ਦਰ ਹੋਵਨ ਪਰਵਾਨ॥
ਪ੍ਰਭ ਦਾ ਸਿਮਰਨ ਕਰਨੇ ਵਾਲੇ, ਹੁੰਦੇ ਨੇ ਪੁਰਖੀਂ ਪਰਧਾਨ॥
(੩) ਪ੍ਰਭ ਦਾ ਸਿਮਰਨ ਜੋ ਨੇ ਕਰਦੇ, ਹੋਵਣ ਨਾ ਉਹ ਕਦੇ ਮੋਹਤਾਜ॥
ਪ੍ਰਭ ਦਾ ਸਿਮਰਨ ਕਰਨੇ ਵਾਲੇ, ਸਭਨਾਂ ਤੇ ਕਰਦੇ ਨੇ ਰਾਜ॥
(੪) ਪ੍ਰਭ ਦਾ ਸਿਮਰਨ ਜੋ ਨੇ ਕਰਦੇ, ਵਸਦੇ ਉਹ ਸੁੱਖਾਂ ਦੇ ਨਾਲ॥
ਜਨਮ ਮਰਨ ਦੇ ਗੇੜ ਨਾ ਆਉਂਦੇ, ਸਿਮਰਨ ਜੋ ਵੀ ਪੁਰਖ ਅਕਾਲ॥
(੫) ਸਿਮਰਨ ਪ੍ਰਭ ਦਾ ਉਹ ਹੀ ਕਰਦੇ, ਹੋਵੇ ਪ੍ਰਭੂ ਜਿਸ ਤੇ ਕ੍ਰਿਪਾਲ॥
ਐਸੇ ਸੰਤ ਜਨਾਂ ਦੀ ਨੂਰੀ, ਸਤਿਗੁਰ ਮੇਰਾ ਮੰਗੇ ਰਵਾਲ॥



www.AKJ.Org

(੧) ਪ੍ਰਭ ਕਉ ਸਿਮਰਹਿ ਸੇ ਪਰਉਪਕਾਰੀ॥
ਪ੍ਰਭ ਕਉ ਸਿਮਰਹਿ ਤਿਨ ਸਦ ਬਲਿਹਾਰੀ
(੨) ਪ੍ਰਭ ਕਉ ਸਿਮਰਹਿ ਸੇ ਮੁਖ ਸੁਹਾਵੈ॥
ਪ੍ਰਭ ਕਉ ਸਿਮਰਹਿ ਤਿਨ ਸੂਖਿ ਬਿਹਾਵੈ॥
(੩) ਪ੍ਰਭ ਕਉ ਸਿਮਰਹਿ ਤਿਨ ਆਤਮੁ ਜੀਤਾ॥
ਪ੍ਰਭ ਕਉ ਸਿਮਰਹਿ ਤਿਨ ਨਿਰਮਲ ਰੀਤਾ॥
(੪) ਪ੍ਰਭ ਕਉ ਸਿਮਰਹਿ ਤਿਨ ਅਨਦ ਘਨੇਰੇ॥
ਪ੍ਰਭ ਕਉ ਸਿਮਰਹਿ ਬਸਹਿ ਹਰਿ ਨੇਰੇ॥
(੫) ਸੰਤ ਕ੍ਰਿਪਾ ਤੇ ਅਨਦਿਨੁ ਜਾਗਿ॥
ਨਾਨਕ ਸਿਮਰਨੁ ਪੂਰੈ ਭਾਗਿ॥ ੬॥

ੴ

(੧) ਪ੍ਰਭ ਕੈ ਸਿਮਰਨਿ ਕਾਰਜ ਪੂਰੇ॥
ਪ੍ਰਭ ਕੈ ਸਿਮਰਨਿ ਕਬਹੁ ਨ ਝੂਰੇ॥
(੨) ਪ੍ਰਭ ਕੈ ਸਿਮਰਨਿ ਹਰਿਗੁਨ ਬਾਨੀ॥
ਪ੍ਰਭ ਕੈ ਸਮਰਨਿ ਸਹਜਿਸਮਾਨੀ॥
(੩) ਪ੍ਰਭ ਕੈ ਸਿਮਰਨਿ ਨਿਹਚਲ ਆਸਨੁ॥
ਪ੍ਰਭ ਕੈ ਸਿਮਰਨਿ ਕਮਲ ਬਿਗਾਸਨੁ॥
(੪) ਪ੍ਰਭ ਕੈ ਸਿਮਰਨਿ ਅਨਹਦ ਝੁਨਕਾਰ॥
ਸੁਖੁ ਪ੍ਰਭ ਸਿਮਰਨ ਕਾ ਅੰਤੁ ਨ ਪਾਰ॥
(੫) ਸਿਮਰਹਿ ਸੇ ਜਨ ਜਿਨ ਕਉ ਪ੍ਰਭ ਮਇਆ॥
ਨਾਨਕ ਤਿਨ ਜਨ ਸਰਨੀ ਪਇਆ॥ ੭॥

ੴ

(੧) ਹਰਿ ਸਿਮਰਨੁ ਕਰਿ ਭਗਤ ਪ੍ਰਗਟਾਏ॥
ਹਰਿ ਸਿਮਰਨਿ ਲਗਿ ਬੇਦ ਉਪਾਏ॥
(੨) ਹਰਿ ਸਿਮਰਨਿ ਭਏ ਸਿਧ ਜਤੀ ਦਾਤੇ॥
ਹਰਿ ਸਿਮਰਨਿ ਨੀਚ ਚਹੁ ਕੁੰਟ ਜਾਤੇ॥
(੩) ਹਰਿ ਸਿਮਰਨਿ ਧਾਰੀ ਸਭ ਧਰਨਾ॥
ਸਿਮਰਿ ਸਿਮਰਿ ਹਰਿ ਕਾਰਨ ਕਰਨਾ॥
(੪) ਹਰਿ ਸਿਮਰਨਿ ਕੀਓ ਸਗਲ ਅਕਾਰਾ॥
ਹਰਿ ਸਿਮਰਨ ਮਹਿ ਆਪਿ ਨਿਰੰਕਾਰਾ॥
(੫) ਕਰਿ ਕਿਰਪਾ ਜਿਸੁ ਆਪਿ ਬੁਝਾਇਆ॥
ਨਾਨਕ ਗੁਰਮੁਖਿ ਹਰਿ ਸਿਮਰਨੁ ਤਿਨਿ ਪਾਇਆ॥ ੮॥ ੧॥



www.AKJ.Org

## ਅਨੁਵਾਦ

(੧) ਪ੍ਰਭ ਦਾ ਸਿਮਰਨ ਜੋ ਨੇ ਕਰਦੇ, ਉਹ ਬੰਦੇ ਹਨ ਪਰਉਪਕਾਰੀ ॥
ਪ੍ਰਭ ਸਿਮਰਨ ਜੋ ਕਰਨ ਪਿਆਰੇ, ਉਨ੍ਹਾਂ ਦੇ ਜਾਈਏ ਬਲਿਹਾਰੀ ॥
(੨) ਪ੍ਰਭ ਦਾ ਸਿਮਰਨ ਜੋ ਨੇ ਕਰਦੇ, ਮੁਖ ਉਹਨਾਂ ਦੇ ਖੂਬ ਸਹਾਵਣ ॥
ਪ੍ਰਭ ਦਾ ਸਿਮਰਨ ਕਰਨ ਵਾਲੇ, ਜੀਵਨ ਸੁੱਖਾਂ ਨਾਲ ਬਿਤਾਵਣ ॥
(੩) ਪ੍ਰਭ ਦਾ ਸਿਮਰਨ ਜੋ ਵੀ ਕਰਦੇ, ਆਪਣੇ ਆਪ ਤੇ ਕਾਬੂ ਪਾਵੇ ॥
ਪ੍ਰਭ ਦਾ ਸਿਮਰਨ ਕਰਕੇ ਪ੍ਰਾਨੀ, ਜੀਵਨ ਜੁਗਤੀ ਨਾਲ ਬਤਾਵੇ ॥
(੪) ਪ੍ਰਭ ਦਾ ਸਿਮਰਨ ਜੋ ਵੀ ਕਰਦਾ, ਸੁਖ ਅਨੰਦ ਉਹ ਸਦਾ ਹੰਡਾਵੇ ॥
ਪ੍ਰਭ ਦਾ ਸਿਮਰਨ ਕਰਕੇ ਐ ਮਨ, ਪ੍ਰਾਨੀ ਪ੍ਰਭ ਦੇ ਨੇੜੇ ਜਾਵੇ ॥
(੫) ਸੰਤ ਕ੍ਰਿਪਾ ਜਿਸ ਤੇ ਹੋ ਜਾਵੇ, ਸਿਮਰਨ ਦੀ ਜਿਸ ਲਗਦੀ ਜਾਗ ॥
ਸਿਮਰਨ ਵਿਚ ਜੋ ਲਗਦਾ ਨੂਰੀ, ਸਤਿਗੁਰ ਉਸ ਦੇ ਪੂਰਨ ਭਾਗ ॥

## ਅਨੁਵਾਦ

(੧) ਪ੍ਰਭ ਦਾ ਸਿਮਰਨ ਕਰਦਾ ਹੈ ਜੋ, ਸਭ ਕੰਮ ਉਸ ਦੇ ਹੋਵਣ ਪੂਰੇ ॥
ਚਿੰਤਾ ਫਿਕਰ ਮਿਟਾਵੇ ਸਿਮਰਨ, ਪ੍ਰਭ ਸਿਮਰੇ ਜੋ ਕਦੇ ਨਾ ਝੂਰੇ ॥
(੨) ਪ੍ਰਭ ਦਾ ਸਿਮਰਨ ਕਰ ਐ ਭਾਈ, ਜੋ ਪ੍ਰਾਨੀ ਪ੍ਰਭ ਦੇ ਗੁਣ ਗਾਵੇ ॥
ਸਿਮਰਨ ਵਿਚ ਜੋ ਮਨ ਚਿਤ ਲਾਉਂਦਾ, ਉਹ ਨਰ ਸਹਿਜ ਅਵਸਥਾ ਪਾਵੇ ॥
(੩) ਪ੍ਰਭ ਦਾ ਸਿਮਰਨ ਜੋ ਹੈ ਕਰਦਾ, ਰਹੇ ਅਡੋਲ ਨਾ ਚਿਤ ਡੋਲਾਵੇ ॥
ਪ੍ਰਭ ਸਿਮਰਨ ਜੋ ਕਰਦਾ ਪਿਆਰੇ, ਕਉਲ ਫੁਲ ਵਾਂਗੂ ਖਿੜ ਜਾਵੇ ॥
(੪) ਅਨਹਦ ਸ਼ਬਦ ਉਹਨੂੰ ਸੁਣ ਆਵੇ, ਜੋ ਸਿਮਰਨ ਵਿਚ ਬ੍ਰਿਤੀ ਲਾਵੇ ॥
ਪ੍ਰਭ ਸਿਮਰਨ ਜੋ ਚਿੱਤ ਵਸਾਵੇ, ਉਸ ਨੂੰ ਸੁਖ ਦਾ ਅੰਤ ਨਾ ਆਵੇ ॥
(੫) ਜਿਸ ਤੇ ਮੇਹਰ ਪ੍ਰਭ ਦੀ ਹੋਈ, ਉਸਨੇ ਹੀ ਪ੍ਰਭ ਨਾਮ ਧਿਆਇਆ ॥
ਜਿਸਨੇ ਹੈ ਪ੍ਰਭ ਨਾਮ ਧਿਆਇਆ, ਸਤਿਗੁਰ ਉਸਦੀ ਸਰਨੀ ਆਇਆ ॥

## ਅਨੁਵਾਦ

(੧) ਸਿਮਰਨ ਕਰ ਪ੍ਰਸਿਧੀ ਪਾਈ, ਜਗ ਉੱਤੇ ਭਗਤਾਂ ਤੇ ਮੁਨੀਆਂ ॥
ਸਿਮਰਨ ਕਰ ਕਰਕੇ ਹੀ ਪਿਆਰੇ, ਵੇਦ ਰਚੇ ਵਿਦਵਾਨਾਂ ਗੁਣੀਆਂ ॥
(੨) ਸਿਮਰਨ ਕਰ ਕਰ ਪ੍ਰਗਟ ਹੋਏ, ਸਿਧ ਜਤੀ ਦਾਤਾ ਹੈ ਕੋਈ ॥
ਸਿਮਰਨ ਕਰਕੇ ਨੀਚਾਂ ਦੀ ਵੀ, ਚੌਹੁ-ਕੂੰਟੀਂ ਮਸ਼ਹੂਰੀ ਹੋਈ ॥
(੩) ਸਿਮਰ ਸਿਮਰ ਤੂੰ ਪ੍ਰਭੂ ਪਿਆਰਾ, ਸਿਮਰਨ ਹੈ ਧਰਤੀ ਦਾ ਸਹਾਰਾ ॥
ਤਾਂ ਤੇ ਸਿਮਰ ਸਦਾ ਤੂੰ ਪ੍ਰਾਨੀ, ਇਕੋ ਪ੍ਰਭੂ ਜੋ ਸਿਰਜਣਹਾਰਾ ॥
(੪) ਸਿਮਰਨ ਕਰ ਤੂੰ ਐ ਮਨ ਮੇਰੇ, ਸਿਮਰਨ ਹਿਤ ਸੰਸਾਰ ਬਣਾਇਆ ॥
ਪ੍ਰਭ ਸਿਮਰਨ ਹੈ ਸਭ ਤੋਂ ਉੱਤਮ, ਸਿਮਰਨ 'ਚ ਨਿਰੰਕਾਰ ਸਮਾਇਆ ॥
(੫) ਜੋ ਪ੍ਰਾਨੀ ਸਿਮਰਨ ਵਿਚ ਲਗਦਾ, ਕ੍ਰਿਪਾ ਕਰ ਰਾਹੁ ਜਿਹਨੂੰ ਵਿਖਾਇਆ ॥
ਸਿਮਰਨ ਜਿਸ ਦੇ ਚਿਤ ਸਮਾਇਆ, ਸਤਿਗੁਰ ਉਸਨੇ ਹੀ ਪ੍ਰਭ ਪਾਇਆ ॥

(ਚਲਦਾ ਹੈ)



www.AKJ.Org

# ਦਾਸਤਾਨ ਚਾਲੀ ਮੁਕਤਿਆਂ ਦੀ

*ਪਾਂਧੀ ਨਾਨਕਾਣਵੀ**

ਪਿੰਡ 'ਰਟੋਲਾਂ', ਅੰਮ੍ਰਿਤਸਰ ਦੇ ਪਰਗਨੇ ਵਿਚ ਇਕ ਨਵੀਂ ਰੂਹ ਪੈਦਾ ਹੋ ਗਈ ਸੀ।ਪਿੰਡ ਦੇ ਵਸਨੀਕਾਂ ਦੇ ਚਿਹਰਿਆਂ 'ਤੇ ਇਕ ਨਵਾਂ ਉਤਸ਼ਾਹ, ਉਮ੍ਹਲ ਉਮ੍ਹਲ ਪੈਂਦਾ ਸੀ ਤੇ ਪਿੰਡ ਦੇ ਲੋਕ ਆਪੋ ਆਪਣੇ ਹੱਥਲੇ ਕਾਰਜ ਵਿਚੇ ਛੱਡ ਕੇ ਅਨੰਦਪੁਰੋਂ ਪਰਤੇ ਸਿੰਘਾਂ ਦੇ ਦਰਸ਼ਨਾਂ ਲਈ ਉਹਨਾਂ ਦੇ ਘਰਾਂ ਵੱਲ ਵਾਹੋ-ਦਾਹੀ ਦੌੜੇ ਜਾ ਰਹੇ ਸਨ। ਮਾਵਾਂ ਆਪਣੇ ਨੌਜਵਾਨ ਬੱਚਿਆ ਨੂੰ ਘਰ ਪਰਤਿਆਂ ਵੇਖ ਕੇ ਵਾਰੀ-ਘੋਲੀ ਜਾ ਰਹੀਆਂ ਸਨ ਤੇ ਪਤਨੀਆਂ ਦੇ ਦਿਲਾਂ ਵਿਚ ਖ਼ੁਸ਼ੀ ਮਿਉਂਦੀ ਨਜ਼ਰ ਨਹੀਂ ਸੀ ਆਉਂਦੀ।ਪਾਣੀ ਧਾਣੀ-ਪੀਣ ਪਿਛੋਂ, ਲੋਕ ਵਧਾਈਆਂ ਦੇਂਦੇ, ਜੰਗੋਂ ਪਰਤੇ ਸਿੰਘਾਂ ਸੂਰਮਿਆਂ ਨੂੰ ਗਲਵਕੜੀਆਂ ਪਾਉਂਦੇ ਅਤੇ ਆਪਣਾ ਜਨਮ ਧੰਨ-ਧੰਨ ਕਰਦੇ ਮਹਿਸੂਸਦੇ। ਲੋਕ ਅਕਸਰ ਇਹੋ ਜਿਹੇ ਸਵਾਲ ਕਰਦੇ:-

'ਸਿੰਘਾ, ਅਨੰਦਪੁਰ ਦਾ ਘੇਰਾ ਟੁੱਟ ਗਿਐ?'

"ਸਤਿਗੁਰੂ, ਕਲਗੀਆਂ ਵਾਲੀ ਪ੍ਰਸੰਨ ਚਿੱਤ ਤਾਂ ਹਨ ਨਾ?"

"ਯੁੱਧ ਬੰਦ ਹੋ ਗਿਐ, ਜਾਂ 'ਔਰੰਗੇ' ਨਾਲ ਸੁਲਹ-ਸਫਾਈ ਹੋ ਗਈ?"

"ਤੁਹਾਨੂੰ ਕਿੱਦਾਂ ਛੁੱਟੀਆਂ ਮਿਲ ਗਈਆਂ?"

ਪਰ ਲੋਕਾਂ ਦੀ ਭੀੜ ਵਿਚ ਬੈਠਾ ਨੌਜੁਆਨ ਸਿੰਘ ਕੀ ਉੱਤਰ ਦੇਂਦਾ?

ਸਭਨਾਂ ਦੇ ਮਨਾਂ ਦੀ ਇਕੋ ਜਿਹੀ ਅਵਸਥਾ ਸੀ। ਉਹ ਸਿਰਫ ਜੱਥੇ ਦੇ ਜੱਥੇਦਾਰ, ਭਾਈ ਮਹਾਂ ਸਿੰਘ ਵੱਲ ਇਸ਼ਾਰਾ ਕਰ ਦੇਂਦੇ।ਲੋਕਾਂ ਦੇ ਦਿਲਾਂ ਵਿਚ ਜਿਹੜੀ ਖ਼ੁਸ਼ੀ ਦੀ ਝਲਕ ਕੁਝ ਪਲ ਪਹਿਲਾਂ ਵਿਖਾਈ ਦਿੱਤੀ ਸੀ, ਹੁਣ ਅਲੋਪ ਹੁੰਦੀ ਜਾ ਰਹੀ ਸੀ। ਲੋਕ ਹੁਣ ਬੋਲਦੇ ਘੱਟ ਤੇ ਅੱਖਾਂ ਰਾਹੀਂ ਹੀ ਇਕ ਦੂਜੇ ਨਾਲ ਸਵਾਲ-ਜਵਾਬ ਕਰਦੇ ਦਿੱਸਦੇ। ਪਿੰਡ ਵਾਲਿਆਂ ਦੇ ਸਿਰ ਨਿਉਂ ਗਏ, ਟੋਰ ਵਿਚ ਵੀ ਫਰਕ ਆ ਗਿਆ, ਤੇ ਦਿਲ ਮਸੋਸ ਗਏ। ਪਿੰਡ ਦਾ ਹਰ ਵਾਸੀ ਸੋਚਦਾ, ਕਿ ਕੋਈ ਵਿਚਲੀ ਗੱਲ ਹੈ ਜ਼ਰੂਰ। ਇਤਨੇ ਨੂੰ ਕਿਸੇ ਨੇ ਇਹ ਧੁੰਮਾ ਦਿੱਤਾ, ਕਿ ਇਹ ਸਿੰਘ ਸਤਿਗੁਰੂ, ਗੁਰੂ ਗੋਬਿੰਦ ਸਿੰਘ ਮਹਾਰਾਜ ਤੋਂ ਬੇਮੁਖ ਹੋ ਕੇ ਘਰਾਂ ਨੂੰ ਪਰਤੇ ਹਨ। ਬਸ, ਗੱਲ ਦਾ ਧੁੰਮਣਾ ਸੀ ਕਿ ਲੋਕ ਬੇਚੈਨ ਹੋ ਉਠੇ। ਮਾਵਾਂ, ਭੈਣਾਂ, ਗਭਰੂ, ਬਜ਼ੁਰਗ ਅਤੇ ਬੱਚੇ ਗਲੀਆਂ ਵਿਚ ਨਿਕਲ ਆਏ, ਤੇ ਜੱਥੇ ਦੇ ਜੱਥੇਦਾਰ, ਭਾਈ ਮਹਾਂ ਸਿੰਘ ਦੇ ਖੁਲ੍ਹੇ-ਡੁਲ੍ਹੇ ਘਰ ਵੱਲ ਉਹਨਾਂ ਵਹੀਰਾਂ ਘੱਤ ਦਿੱਤੀਆਂ, ਤੇ ਦੂਰੋਂ ਨੇੜਿਉ ਵਾਜਾਂ ਮਾਰਨੀਆਂ ਵੀ ਸ਼ੁਰੂ ਕਰ ਦਿੱਤੀਆਂ।

"ਓਏ ਮਹਾਂ ਸਿੰਘਾ, ਬਾਹਰ ਆ.....।"

"ਓਏ ਜੱਥੇਦਾਰ, ਬਾਹਰ ਨਿਕਲ ਤੇ ਪਿੰਡ ਨੂੰ ਤਸੱਲੀ ਦੁਆ,

ਕਿ ਜੋ ਅਸਾਂ ਹੁਣੇ ਸੁਣਿਆ ਏ, ਉਹ ਸਭ ਝੂਠ ਏ।"

ਭਾਈ ਮਹਾਂ ਸਿੰਘ, ਇਕ ਉੱਚੇ-ਲੰਮੇ, ਰਿਸ਼ਟ-ਪੁਸ਼ਟ ਅਤੇ ਪ੍ਰਭਾਵਸ਼ਾਲੀ ਸੂਰਤ ਤੇ ਵਿਲੱਖਣ ਸ਼ਖ਼ਸੀਅਤ ਦਾ ਮਾਲਕ, ਪਿੰਡ ਦੇ ਲੋਕਾਂ ਨੂੰ ਆਪਣੇ ਖੁਲ੍ਹੇ-ਡੁੱਲ੍ਹੇ ਵਿਹੜੇ ਵਿਚ ਵੇਖ ਕੇ ਕੰਬ ਹੀ ਗਿਆ। ਹੌਂਸਲਾ ਕਰ ਕੇ ਹੌਲੀ-ਹੌਲੀ ਬਾਹਰ ਨਿਕਲਿਆ, ਪਰ ਪੈਰ ਉਸ ਦੇ ਥਿੜਕ-ਥਿੜਕ ਕੇ ਪੈ ਕਰੇ ਸਨ, ਸਿੱਖ ਮਾਰਗ ਤੋਂ ਥਿੜਕਨ ਵਾਂਗ। ਉਸ ਹੱਥ ਜੋੜ ਘਰ ਆਏ ਲੋਕਾਂ ਨੂੰ ਫਤਹਿ ਬੁਲਾਈ ਅਤੇ ਫਿਰ ਪਿੰਡ ਦੇ ਲੋਕ ਕੁਝ ਮੰਜੀਆਂ ਡਾਹ ਕੇ ਬੈਠ ਗਏ, ਤੇ ਕੁਝ ਘੇਰਾ ਜਿਹਾ ਪਾ ਕੇ ਖੜ੍ਹੇ ਰਹੇ। ਪਰ ਦਿਲੋਂ ਸਭ ਬੇਚੈਨ



www.AKJ.Org

ਨਜ਼ਰ ਆ ਰਹੇ ਸਨ, ਆਪਣੇ ਪਰਮ-ਪੂਜ ਸਤਿਗੁਰੂ ਸ੍ਰੀ ਗੁਰੂ ਗੋਬਿੰਦ ਸਿੰਘ ਸਾਹਿਬ, ਖੜਗਧਾਰੀ ਦੀ ਸੁੱਖ-ਸਾਂਦ ਦੇ ਇਛੁੱਕ। ਸਮੂਹ ਇਕੱਠ ਦੀਆਂ ਨਜ਼ਰਾਂ ਭਾਈ ਮਹਾਂ ਸਿੰਘ ਦੇ ਚਿਹਰੇ 'ਤੇ ਗੱਡੀਆਂ ਹੋਈਆਂ ਸਨ, ਤੇ ਉਹਨਾਂ ਨੂੰ ਇਹ ਮਾਯੂਸੀ, ਲਾਚਾਰੀ ਦੀ ਝਲਕ ਤੋਂ ਇਲਾਵਾ, ਹੋਰ ਕੁਝ ਵੀ ਨਜ਼ਰ ਨਹੀਂ ਸੀ ਆ ਰਿਹਾ।

-ਇਕ ਬਜ਼ੁਰਗ ਨੇ ਸਭ ਨੂੰ ਚੁੱਪ ਕਰਾਂਉਦਿਆਂ ਹੋਇਆਂ, ਭਾਈ ਮਹਾਂ ਸਿੰਘ ਨੂੰ ਸੰਬੋਧਨ ਹੁੰਦਿਆਂ ਹੋਇਆਂ ਪੁੱਛਿਆ:

''ਮਹਾਂ ਸਿੰਘ, ਗੁਰ ਕਲਗੀਧਰ ਸੱਚੇ ਪਾਤਸ਼ਾਹ ਕਿਸ ਹਾਲ 'ਚ ਨੇ?''

''ਸਤਿਗੁਰੂ ਤਾਂ ਸਦਾ ਚੜ੍ਹਦੀਆਂ ਕਲਾਂ 'ਚ ਹੀ ਵਿਚਰਦੇ ਨੇ।''

''ਠੀਕ ਆ, ਪਰ.....ਅਨੰਦੁਪਰ ਦਾ ਜੋ ਘੇਰਾ ਪਿਆ ਹੋਇਆ ਸੀ, ਅੱਠਾਂ ਮਹੀਨਿਆਂ ਤੋਂ...?....ਕੀ ਉਹ ਟੁੱਟ ਗਿਐ।''

'ਨਹੀਂ ਜੀ, ਘੇਰਾ ਤਾਂ ਉਵੇਂ ਦਾ ਉਵੇਂ ਈ ਪਿਐ।''

''ਤੇ ਯੁੱਧ ਵੀ ਜਾਰੀ ਹਊ ਫਿਰ ਤੇ?''

''ਜੀ ਹਾਂ......।

-ਤੇ ਇਹ ਵਾਰਤਾ ਸੁਣ ਕੇ ਸਭ 'ਤੇ ਸੱਨਾਟਾ ਜਿਹਾ ਛਾ ਗਿਆ। ਭਾਈ ਮਹਾਂ ਸਿੰਘ ਨੇ ਫਿਰ ਕਹਿਣਾ ਸ਼ੁਰੂ ਕੀਤਾ:

''ਗੱਲ ਇਸ ਤਰ੍ਹਾਂ ਹੋਈ, ਪਈ ਔਰੰਗੇ ਦੇ ਹੁਕਮ ਅਨੁਸਾਰ ਮੁਗਲ ਜਰਨੈਲਾਂ ਤੇ ਬਾਈਧਾਰ ਦੇ ਪਹਾੜੀ ਰਾਜਿਆਂ ਨੇ ਸਤਿਗੁਰੂ ਅੱਗੇ ਤਜਵੀਜ਼ਾਂ ਰਖੀਆਂ, ਪਈ ਉਹ ਅਨੰਦਪੁਰ ਨੂੰ ਖਾਲੀ ਕਰ ਕੇ ਕਿਤੇ ਹੋਰ ਥਾਂ ਚਲੇ ਜਾਣ ਕੁਝ ਚਿਰ ਲਈ, ਤਾਂ ਜੋ

ਹਕੂਮਤ ਦਾ ਵੱਕਾਰ ਬਣਿਆ ਰਹੇ, ਪਰ ਸਤਿਗੁਰੂ ਨਹੀਂ ਮੰਨੇ।''

''ਹੂੰ, ਸਤਿਗੁਰਾਂ ਅੱਗੋਂ ਕੀ ਕਿਹਾ?''

''ਸਤਿਗੁਰੂ ਨੇ ਫੁਰਮਾਇਆ, ਕਿ ਇਹਨਾਂ ਲੋਕਾਂ ਦੀਆਂ ਕਸਮਾਂ ਦਾ ਕੋਈ ਇਤਬਾਰ ਨਹੀਂ। ਇਹ ਕੱਚੇ ਹਨ, ਦਿਲ ਵਿਚ ਇਨ੍ਹਾਂ ਦੇ ਕੁਝ ਹੋਰ ਹੈ ਅਤੇ ਉਪਰੋਂ ਹੋਰ ਹਨ। ਇਹ ਸਾਡੇ ਨਾਲ ਸਿਆਸਤ ਖੇਡਣਾ ਚਾਹੁੰਦੇ ਨੇ। ਸਿੰਘੋ, ਅਸਾਂ ਅਨੰਦਗੜ੍ਹ ਤੇ ਹੋਰ ਕਿਲ੍ਹੇ ਖਾਲੀ ਕੀਤੇ ਨਹੀਂ ਕਿ ਇਹਨਾਂ ਸਾਡੇ 'ਤੇ ਹਮਲਾ-ਆਵਰ ਹੋ ਜਾਣੈ।.... ਇਸ ਲਈ ਇਨ੍ਹਾਂ ਨੂੰ ਹੋਰ ਕੁਝ ਦਿਨ ਯੁੱਧ ਵਿਚ ਰੁਲਾਣਾ ਚਾਹੀਦੈ।''

''ਪਰ ਜੱਥੇਦਾਰ ਜੀ, ਤੁਸੀਂ ਕਿਦਾਂ ਘਰ ਆ ਗਏ?''

-ਸੈਂਕੜੇ ਅੱਖਾਂ ਫਿਰ ਭਾਈ ਮਹਾਂ ਸਿੰਘ ਦੇ ਚਿਹਰੇ 'ਤੇ ਕੇਂਦਰਤ ਹੋ ਗਈਆਂ। ਭਾਈ ਮਹਾਂ ਨੇ ਆਪਣੇ ਸੁੱਕੇ ਬੁੱਲ੍ਹਾਂ 'ਤੇ ਜੀਭ ਫੇਰੀ, ਤੇ ਫਿਰ ਹੌਸਲਾ ਜੁਟਾ ਕੇ ਇਉਂ ਕਹਿਣਾ ਆਰੰਭਿਆ....

''ਮੇਰੇ ਪਿੰਡ 'ਰਟੌਲਾਂ' ਦੇ ਬੁਜ਼ਰਗੋ, ਮਾਤਾਓ, ਭੈਣੋ ਤੇ ਭਰਾਓ,

ਅਸੀਂ ਕੀ ਕਹੀਏ ?.... ਅਨੰਦਪੁਰ ਸਾਹਿਬ ਵਿਚ ਕਈ ਮਹੀਨਿਆਂ ਤੋਂ ਜੂਝਦੇ ਸਿੰਘਾਂ ਦੀ ਹਾਲਤ ਦਾ ਅੰਦਾਜ਼ਾ, ਭਾਈ ਉਹੀਓ ਲਾ ਸਕਦੇ ਨੇ, ਜਿਨ੍ਹਾਂ ਨੂੰ ਇਹਨਾਂ ਹਾਲਾਤ ਨਾਲ ਦੋ-ਚਾਰ ਹੋਣਾ ਪਿਆ ਹੋਵੇ। ਅੱਖੀਂ ਵੇਖਣ, ਤੇ ਕੰਨੀਂ ਸੁਣੇ ਦਾ ਬੜਾ ਫਰਕ ਹੁੰਦੈ।ਸਤਿਗੁਰੂ ਸੱਚੇ ਪਾਤਸ਼ਾਹ ਅਨੰਦਗੜ੍ਹ ਦੇ ਕਿਲ੍ਹੇ ਵਿਚ ਕੋਈ ਅੱਠਾਂ ਮਹੀਨਿਆਂ ਤੋਂ ਘਿਰੇ ਹੋਏ ਨੇ। ਬਾਕੀ ਕਿਲ੍ਹਿਆਂ ਦੁਆਲੇ ਵੀ ਦੁਸ਼ਮਣ ਨੇ ਘੇਰਾ ਪਾ ਰਖਿਐ। ਅੰਨ ਦਾ ਇਕ ਦਾਣਾ ਅੰਦਰ ਨਹੀਂ ਜਾ ਸਕਦਾ।ਕਿਲ੍ਹੇ ਵਿਚ ਭੁੱਖਮਰੀ ਜਿਹੀ ਹਾਲਤ ਬਣੀ ਪਈ ਏ। ਸਾਗ, ਪੱਤ, ਅਤੇ ਰੁੱਖਾਂ ਦੀਆਂ ਛਿੱਲਾਂ ਲਾਹ-ਲਾਹ ਕੇ ਲੰਗਰ ਬਣਦੈ। ਅਸੀਂ ਭੁੱਖੇ ਢਿੱਡ ਲੜ-ਲੜ ਕੇ



www.AKJ.Org

ਥੱਕ ਲੱਥੇ ਸਾਂ। ਜੇ ਅਸੀਂ ਤੰਗ ਸਾਂ, ਤਾਂ ਦੁਸ਼ਮਣ ਵੀ ਕੋਈ ਘੱਟ ਤੰਗ ਨਹੀਂ ਸੀ। ਮੁਗ਼ਲ ਜਰਨੈਲ ਦੀਆਂ ਕਸਮਾਂ ਦੇ ਸਹਾਰੇ, ਅਸਾਂ ਭੁੱਖ ਦੇ ਦੁੱਖੋਂ ਸਤਿਗੁਰੂ ਜੀ ਅੱਗੇ ਅਰਜ਼ੋਈ ਕੀਤੀ, 'ਪਈ ਸਤਿਗੁਰੂ ਕਿਲ੍ਹਾ ਖਾਲੀ ਕਰ ਦੇਣਾ', ਪਰ ਸਤਿਗੁਰੂ ਨੇ ਹਾਮੀ ਨਹੀਂ ਭਰੀ।....ਫਿਰ ਬਈ ਸੱਚੀ ਗੱਲ ਜੇ, ਸਾਡੇ ਸਾਥੀ ਸਿੰਘਾਂ ਦਾ ਸਬਰ ਟੁੱਟ ਗਿਆ।

ਅਸਾਂ ਜੋਦੜੀ ਕੀਤੀ, 'ਪਾਤਸ਼ਾਹੋ, ਅਸੀਂ ਘਰਾਂ ਨੂੰ ਜਾਣਾ ਚਾਹੁੰਦੇ ਆਂ।' ਇਸ 'ਤੇ ਹਜ਼ੂਰ ਨੇ ਫੁਰਮਾਇਆ, ''ਇਉਂ ਸਾਡੇ ਹੁਕਮ ਤੋਂ ਆਕੀ ਹੋਣ ਦੀ ਗਲ ਹੋਵੇਗੀ।''

ਸਾਡੇ ਸਿੰਘਾਂ ਨੇ ਕਿਹਾ, ''ਪਾਤਸ਼ਾਹੋ, ਕੀ ਕਰੀਏ, ਕਈਆਂ ਦਿਨਾਂ ਦਾ ਅੰਨ ਦਾ ਭੋਰਾ ਤਕ ਨਹੀਂ ਵੇਖਿਆ। ਤੁਸੀਂ ਸਾਡੀ ਬੇਨਤੀ ਮੰਨਦੇ ਹੀ ਨਹੀਂ। ਹੋਰ ਕੀ ਚਾਰਾ ਹੈ?''

ਆਪ ਨੇ ਫੁਰਮਾਇਆ, ''ਕਿਹਦੀ ਮੰਨੀਏ.......ਇਹ ਬਾਈਧਾਰ ਦੇ ਪਹਾੜੀ ਰਾਜੇ, ਇਹ ਮੁਗ਼ਲ ਜਰਨੈਲ, ਸਭ ਝੂਠੇ ਹਨ, ਸਿਆਸਤ ਦੇ ਦਾਓ-ਪੇਚ ਚਲਾਉਂਦੇ ਹਨ। ਇਹਨਾਂ ਦੇ ਦਿਲਾਂ ਵਿਚ ਕੁਟਿਲ-ਨੀਤੀਆਂ ਹਨ, ਧਰਮ ਨਹੀਂ ਰਿਹਾ। ਪਏ ਚੁੱਕਣ ਕਸਮਾਂ, ਸਾਨੂੰ ਇਹਨਾਂ ਦੀਆਂ ਕਸਮਾਂ ਦਾ ਵੀ ਇਤਬਾਰ ਨਹੀਂ। ਇਹ ਲੋਕ ਸਾਨੂੰ ਵਸਾਹ ਦੇ ਕੇ ਮਾਰਨਾ ਚਾਹੁੰਦੇ ਨੇ। ਅਸੀਂ ਇਹਨਾਂ ਦੇ ਕਾਬੂ ਨਹੀਂ ਆਉਣਾ ਚਾਹੁੰਦੇ।''

''ਫੇਰ ਭਾਈ'',

ਅਸਾਂ ਭੁੱਖ ਦੇ ਦੁੱਖੋ ਤੰਗ ਹੋ ਕੇ ਕਿਹਾ:

''ਫੇਰ ਅਸੀਂ ਭੁੱਖੇ ਢਿੱਡ ਨਹੀਂ ਜੇ ਲੜ ਸਕਦੇ। ਸਾਨੂੰ ਛੁੱਟੀਆਂ ਦਿਓ। ਆਪੇ ਲੜਦੇ ਮਰਦੇ, ਘਰਾਂ ਨੂੰ ਪਰਤ ਜਾਵਾਂਗੇ।''

ਸਤਿਗੁਰੂ ਆਖਣ ਲੱਗੇ, 'ਭਾਈ ਜੋ ਸਾਡਾ ਹੁਕਮ ਨਹੀਂ ਮੰਨੇਗਾ, ਉਹ ਸਾਡਾ ਸਿੱਖ ਕਿੱਥੇ ਰਹਿ ਜਾਵੇਗਾ?''

'ਓਏ ਹੋਏ, ਬੜਾ ਮਾੜਾ ਕੀਤਾਜੇ, ਕਰਮਾਂ ਮਾਰਿਉ!''

ਕਈ ਬਜ਼ੁਰਗਾਂ ਨੇ ਠੰਡੇ ਹਉਕੇ ਭਰ ਕੇ ਕਿਹਾ।

''ਭਾਈ ਬਜ਼ੁਰਗੋ, ਤੁਸੀਂ ਆਪ ਸੋਚੋ, ਅਸੀਂ ਕੀ ਕਰਦੇ? ਅਸਾਂ ਕਰਮਾਂ ਮਾਰਿਆਂ ਵੀ ਜ਼ਿੱਦ ਫੜਲਈ ਦੋ-ਜਹਾਨਾਂ ਦੇ ਵਾਲੀ ਅੱਗੇ।''-ਆਖ਼ਰ। ਦਸਮੇਸ਼ ਪਾਤਸ਼ਾਹ ਹੌਲੀ ਸੁਰ ਵਿਚ ਬੋਲੇ:

''ਚਲੇ ਜਾਓ ਭਾਈ, ਬੇਸ਼ੱਕ ਜਾਉ, ਪਰ ਦੋ ਅੱਖਰ ਲਿਖਦੇ ਜਾਉ, ਇਸ ਕਾਗ਼ਜ਼ ਦੇ ਟੋਟੇ 'ਤੇ।''

-ਤੇ ਫਿਰ ਅਸਾਂ ਭਾਈ... ਲਿਖ ਕੇ ਕਾਗ਼ਜ਼.... ਮੋੜ ਦਿਤਾ...।

ਇਹ ਕਹਿੰਦਿਆਂ ਹੋਇਆ ਭਾਈ ਮਹਾਂ ਸਿੰਘ ਦਾ ਗੱਚ ਭਰ ਆਇਆ।

''ਓਹੋ ਮਹਾਂ ਸਿੰਘਾਂ, ਤੂੰ ਤਾਂ ਮੁਢੋਂ ਸੁਢੋਂ ਬੇੜਾ ਹੀ ਬੋੜ ਆਇਐਂ, ਉਹ ਲਿਖ ਕੇ ਦੇ ਕੀ ਆਏ ਓ?''-ਇਕ ਬਜ਼ੁਰਗ ਸਿੱਖ ਦੇ ਦਿਲ ਨੇ ਹੂਕ ਕੱਢਦਿਆਂ ਹੋਇਆ ਕੁਰਲਾ ਕੇ ਕਿਹਾ।

''ਭਾਈ, ਅਸਾਂ ਲਿਖਿਐ ਪਈ, ਤੁਸੀਂ ਸਾਡੇ ਗੁਰੂ ਨਹੀਂ।'' ਇਹ ਕਹਿੰਦਿਆਂ ਹੋਇਆ, ਭਾਈ ਮਹਾਂ ਸਿੰਘ ਦੀਆਂ ਅੱਖਾਂ ਛਲਕ ਪਈਆਂ।

''ਓਏ ਗੁਰੂ ਤੋਂ ਬੇਮੁੱਖ ਹੋ ਕੇ ਆ ਗਏ ਓ ਕੋਹੜਿਓ?''

''ਮੁੜ ਜੱਥੇਦਾਰਾ, ਤੂੰ ਤਾਂ ਨੱਕ ਵਢਾ ਕੇ ਆ ਗਿਆ ਏਂ! ਇਹ ਤੂੰ ਚੰਗਾ ਨਹੀਂ ਕੀਤਾ।''



www.AKJ.Org

-ਤੇ ਦੂਜੀ ਸਤਰ ਭਰਾਉ, ਸਤਿਗੁਰੂ ਜੀ ਨੇ ਲਿਖਵਾਈ।

''ਪਈ ਅਸੀਂ ਤੁਹਾਡੇ ਸਿੱਖ ਨਹੀਂ ਰਹੇ।'' ਤੇ ਫਿਰ ਕਾਗਜ਼ ਦਾ ਟੋਟਾ, ਕਮਰਕਸੇ ਵਿਚ ਅੜੁੰਗ ਲਿਆ ਤੇ ਅਸੀਂ ਬਿਨਾਂ ਅੱਖਾਂ ਮਿਲਾਏ, ਚੁੱਪ-ਚਾਪ ਰਾਤ ਦੇ ਹਨ੍ਹੇਰੇ ਵਿਚ ਕਿਲ੍ਹਿਓਂ ਬਾਹਰ ਆ ਗਏ...।''

-ਇਸ ਵਾਰਤਾ ਪਿਛੋਂ ਭਾਈ ਮਹਾਂ ਸਿੰਘ ਨੇ ਪੱਲੂ ਨਾਲ ਆਪਣੇ ਅੱਥਰੂ ਪੂੰਝੇ, ਜੋ ਰੁਕਣ ਵਿਚ ਹੀ ਨਹੀਂ ਸੀ ਆ ਰਹੇ ਤੇ ਲੋਕਾਂ 'ਤੇ ਸਨਾਟਾ ਜਿਹਾ ਛਾ ਗਿਆ। ਇਸੀ ਪਲ ਲੋਕਾਂ ਨੇ ਵੇਖਿਆ ਕਿ ਝਬਾਲ ਪਿੰਡ ਦੇ ਚੌਧਰੀਆਂ ਦੀ ਧੀ, ਭਾਗ ਕੌਰ ਜੋ ਬੇਦਾਵੇ ਦੀ ਖ਼ਬਰ ਸੁਣ ਕੇ ਪਿੰਡ-ਪਿੰਡ ਹੁੰਦੀ, 'ਰਟੌਲਾਂ' ਆਈ ਸੀ, ਪੂਰੀ ਮਰਦਾਂ ਵਾਲੀ ਜੁਰਅਤ, ਦ੍ਰਿੜ੍ਹਤਾ ਅਤੇ ਹੌਂਸਲੇ ਨਾਲ, ਅੱਗੇ ਵਧੀ ਤੇ ਬੋਲੀ-

''ਵੀਰਾ, ਹੌਂਸਲਾ ਰੱਖ, ਕੀਤਾ ਤਾਂ ਤੁਸਾਂ ਬਹੁਤ ਮਾੜਾ ਹੈ। ਸਤਿਗੁਰਾਂ ਦੇ ਚਰਨਾਂ ਤੋਂ ਵਿਛੜ ਕੇ ਤੁਸੀਂ ਕਿਸ ਥਾਂ ਜੋਗੇ ਰਹਿ ਗਏ ਓ? ਤੁਸਾਂ ਤਾਂ ਆਪ ਆਪਣੇ ਮੂੰਹ 'ਤੇ ਕਾਲਖ ਮਲ ਲਈ ਏ। ਸਾਰੇ 'ਮਾਝੇ' ਦੇ ਪਿੰਡਾਂ ਵਿਚ ਪਰਤੇ ਸਿੰਘਾਂ ਦਾ ਇਹੋ ਹਾਲ ਏ। ਪਰ ਹਿੰਮਤ ਨਾ ਹਾਰੋ, ਤੁਸੀਂ ਸਾਰੇ ਬੇਦਾਵੀਏ ਸਿੰਘ ਆਪਣੀ ਟੁੱਟੀ ਪ੍ਰੀਤ ਗੁਰੂ-ਪਾਤਸ਼ਾਹ ਨਾਲ ਗੰਢ ਸਕਦੇ ਓ ਆਪਣੀਆਂ ਜਾਨਾਂ ਵਾਰ ਕੇ, ਹਾਂ ਹਾਂ, ਉਹ ਜਾਨਾਂ, ਜੋ ਤੁਸੀਂ ਅਨੰਦਪੁਰ ਸਾਹਿਬ ਦੀ ਪਵਿੱਤਰ ਨਗਰੀ ਤੋਂ ਬਚਾ ਕੇ ਲਿਆਏ ਉ ਭੁੱਖ ਦੇ ਦੁੱਖੋਂ ਤੰਗ ਪੈ ਕੇ। ਮੈਂ— ਭਾਗ ਕੌਰ, ਗੁਰੂ ਕਲਗੀਧਰ ਪਾਤਸ਼ਾਹ ਦੀ ਸਪੁੱਤਰੀ, ਇਸ ਕਾਰਜ ਨੂੰ ਆਪਣੇ ਹੱਥ ਲੈਨੀ ਆਂ। ਮੈਂ ਪਿੰਡ-ਪਿੰਡ ਸਭ ਬੇਦਾਵਾ ਲਿਖ ਕੇ ਘਰਾਂ ਨੂੰ ਪਰਤੇ ਸਿੰਘਾਂ ਨੂੰ ਇਕੱਠਿਆਂ ਕਰਾਂਗੀ, ਤੁਸੀਂ ਹਿੰਮਤ ਨਾ ਹਾਰੋ।''

— ਤੇ ਫਿਰ ਲੋਕਾਂ ਨੇ ਵੇਖਿਆ, ਭਾਈ ਮਹਾਂ ਸਿੰਘ ਦੇ ਚਿਹਰੇ 'ਤੇ ਇਕ ਆਸ਼ਾ ਦੀ ਕਿਰਨ ਦੌੜ ਗਈ। ਮਨ ਫਿਰ ਚੜ੍ਹਦੀ ਕਲਾ ਵਿਚ ਆ ਗਿਆ ਤੇ ਅੱਖਾਂ ਵਿਚ ਇਕ ਵਿਸ਼ੇਸ਼ ਚਮਕ ਆ ਗਈ ਤੇ ਇਸ ਦੇ ਨਾਲ ਹੀ ਪਿੰਡ ਦੇ ਹਿੱਸੇ ਚਿਹਰਿਆਂ 'ਤੇ ਵੀ ਰੌਣਕ ਆ ਗਈ ਤੇ ਦਿਲ ਚੜ੍ਹਦੀ-ਕਲਾ ਵਿਚ ਹੋ ਗਏ। ਇਕੱਠ ਵਿਚੋਂ ਕਈ ਆਵਾਜ਼ਾਂ ਉੱਚੀਆਂ ਹੋਈਆਂ—

''ਧੀਏ ਭਾਗ ਕੌਰੇ, ਮਖਾਂ ਰੱਖ ਵਿਖਾਈ ਉ ਆਪਣੇ ਪਿੰਡ ਝਬਾਲ ਦੀ ਲਾਜ। ਸਿੱਖੀ ਤੋਂ ਬੇ-ਮੁੱਖ ਹੋ ਕੇ ਜੀਣ ਦਾ ਵੀ ਕੋਈ ਲਾਭ ਏ? ਜਾਹ ਧੀਏ, ਜੂਝ ਜਾਹ ਵੈਰੀਆਂ ਨਾਲ, ਸਣੇ ਆਪਣੇ ਭਰਾਵਾਂ ਦੇ ਜੋ ਪਿੰਡਾਂ ਨੂੰ ਪਰਤ ਆਏ ਨੇ। ਸਭ ਨੂੰ ਨਾਲ ਲਿਜਾ ਕੇ, ਭੁੱਲਾਂ ਬਖ਼ਸ਼ਵਾ ਦੇ। ਤੂੰ ਧੀ ਨਹੀਂ, ਮਰਦ ਪੁੱਤਰ ਏਂ, ਮਰਦ ਪੁੱਤਰ, ਸਮੁੱਚੇ ਮਾਝੇ ਦਾ! ਬਈ ਰਤਾ ਢਿੱਲ ਨਾ ਕਰੋ, ਤੇ ਸਤਿਗੁਰਾਂ ਦੇ ਚਰਨਾਂ ਤੋਂ ਸਦਕੇ ਵਾਰਨੇ, ਹੋ ਜਾਓ। ਧੋ ਦਿਓ ਕਲੰਕ, ਜੋ ਸਾਡੇ ਮੱਥੇ 'ਤੇ ਲੱਗਾ ਏ।''

— ਤੇ ਫਿਰ ਪਿੰਡ ਦੇ ਬਜ਼ੁਰਗ ਤਾਂ ਘਰੋਂ ਚਲੇ ਗਏ, ਪਰ 'ਰਟੌਲਾ' ਦੇ ਗੱਭਰੂ ਉਥੇ ਹੀ ਬੈਠੇ ਰਹੇ। ਭਾਈ ਮਹਾਂ ਸਿੰਘ ਨੇ ਉਹਨਾਂ ਗੱਭਰੂਆਂ ਨੂੰ, ਬੇਦਾਵੀਏ ਸਿੰਘਾਂ ਦੇ ਪਿੰਡਾਂ ਵੱਲ ਉਸੀ ਪਲ ਦੁੜਾ ਦਿੱਤਾ, ਤੇ ਸਾਰਿਆਂ ਨੂੰ ਇਹ ਸੁਨੇਹਾ ਭਿਜਵਾਇਆ ਕਿ ਅਗਲੀ ਭਲਕ, ਸਭ 'ਰਟੌਲਾਂ' ਵਿਚ ਇਕੱਠੇ ਹੋ ਜਾਣ।ਤੇ ਇੰਜ ਅਗਲੇ ਦਿਨ ਦੁਪਹਿਰਾਂ ਤਕ ਚੋਖੀ ਗਿਣਤੀ ਵਿਚ ਪਿੰਡਾਂ ਦੇ ਹੋਰ ਗੱਭਰੂ ਸਿੰਘ ਵੀ, ਬੇਦਾਵੀਏ ਸਿੰਘਾਂ ਨਾਲ ਆਣ ਰਲੇ।ਇਹ ਸਾਰੇ ਹੀ ਸਿੰਘ ਹਥਿਆਰਬੰਦ ਸਨ।— ਉਸੇ ਦਿਨ, ਜਦ ਕਿ ਇਹ ਜੱਥਾ, ਮਾਈ ਭਾਗ ਕੌਰ ਤੇ ਭਾਈ ਮਹਾਂ ਸਿੰਘ ਦੀ ਜੱਥੇਦਾਰੀ ਵਿਚ ਅਨੰਦਪੁਰ ਸਾਹਿਬ ਚੱਲਣ ਲਈ ਤਿਆਰੀਆਂ ਵਿਚ ਹੀ ਸੀ ਕਿ ਪਿੰਡ ਵਿਚ ਇਕ ਨਵੀਂ ਖ਼ਬਰ ਨੇ ਹਲਚਲ ਜਿਹੀ ਪੈਦਾ ਕਰ ਦਿੱਤੀ। ਸਾਰੇ ਪਾਸੇ ਸੋਗਵਾਰ ਅਵਸਥਾ ਛਾ ਗਈ। ਖ਼ਬਰ ਸੀ ਕਿ ਸਤਿਗੁਰੂ ਗੋਬਿੰਦ ਸਿੰਘ ਜੀ ਨੇ ਛੇ-ਸੱਤ ਪੋਹ ਦੀ ਦਰਮਿਆਨੀ ਰਾਤ ਨੂੰ ਕਿਲ੍ਹਾ ਅਨੰਦਗੜ੍ਹ ਖਾਲੀ ਕਰ ਦਿੱਤਾ ਸੀ, ਜਿਸ 'ਤੇ ਮੁਗਲ ਤੇ ਪਹਾੜੀ ਰਾਜਿਆਂ ਦੀਆਂ ਮਿਲਵੀਆਂ ਫੌਜਾਂ ਨੇ ਸਿੰਘਾਂ ਦੇ ਇਸ ਸਿਰਲੱਥ ਕਾਫਲੇ 'ਤੇ ਹਮਲਾ ਕੀਤਾ।'ਨਿਰਮੋਹ', 'ਸਰਸਾ', 'ਰੋਪੜ' ਦੇ ਅਸਥਾਨਾਂ 'ਤੇ ਦੁਸ਼ਮਨ ਦਲਾਂ ਨੇ ਸਿੰਘਾਂ ਨਾਲ ਟੱਕਰ ਲਈ। 'ਚਮਕੌਰ' ਦੇ ਯੁੱਧ ਵਿਚ ਸਤਿਗੁਰੂ ਜੀ ਨੇ ਮਰਦਊਪੁਣੇ ਦਾ ਅਹਿਜਾ ਪ੍ਰਦਰਸ਼ਨ ਕੀਤਾ ਕਿ ਜਿਸ ਦੀ ਮਿਸਾਲ ਵੀ ਦੁਨੀਆਂ ਦੇ ਇਤਿਹਾਸ ਵਿਚ ਮਿਲਣੀ ਮੁਹਾਲ ਸੀ।ਤੇ



www.AKJ.Org

ਦਸ ਲੱਖ ਦੇ ਕਰੀਬ ਦੁਸ਼ਮਨ ਸਿਪਾਹੀ ਅਤੇ ਮੁਲਖਈਏ ਦਾ ਟਾਕਰਾ ਕਰ ਕੇ ਆਪ 'ਮਾਛੀਵਾੜੇ' ਦੇ ਜੰਗਲਾਂ ਵਿਚੋਂ ਹੁੰਦੇ ਹੋਏ, ਪੰਜਾਬ ਦੇ ਪਿੰਡ-ਪਿੰਡ ਸੰਗਤਾਂ ਨੂੰ ਦਰਸ਼ਨ ਦੇ ਰਹੇ ਨੇ ਅਤੇ ਖਿੰਡੇ-ਪੁੰਡੇ ਸਿੰਘਾਂ ਨੂੰ ਫਿਰ ਜਥੇਬੰਦ ਕਰ ਰਹੇ ਨੇ। ਤੇ ਏਧਰ ਵਜ਼ੀਰ ਖ਼ਾਂ ਸੂਬਾ ਸਰਹਿੰਦ ਵੀ ਕੋਈ ਦਸ ਕੁ ਹਜ਼ਾਰ ਫੌਜ ਨਾਲ ਹਜ਼ੂਰ ਦਾ ਪਿੱਛਾ ਕਰ ਰਿਹਾ ਹੈ, ਹੋ ਸਕਦਾ ਹੈ ਇਕ ਹੋਰ ਰਣ ਭੱਖੇ।

—ਤੇ ਯੁੱਧ ਦਾ ਨਾਂ ਸੁਣਦਿਆਂ ਹੀ ਸਮੂਹ ਜੱਥੇ ਦੇ ਸਿੰਘਾਂ ਨੂੰ ਲਾਲੀਆਂ ਚੜ੍ਹ ਗਈਆਂ, ਤੇ ਫਿਰ ਅਰਦਾਸਾ ਸੋਧਣ ਪਿੱਛੋਂ, ਇਹ ਜੱਥਾ, ਸਤਿਗੁਰੂ ਜੀ ਦੀ ਹਜ਼ੂਰੀ ਵਿਚ ਹਾਜ਼ਰ ਹੋਣ ਲਈ ਰਾਤ ਦੇ ਹਨ੍ਹੇਰੇ ਵਿਚ ਚੱਲ ਪਿਆ।

—ਏਧਰ ਸਤਿਗੁਰੂ ਜੀ, ਦੁਸ਼ਮਣ ਦਲਾਂ ਦੀ ਕੁਟਿਲ-ਨੀਤੀਆਂ ਦੇ ਜਾਲ ਨੂੰ ਲੀਰੋ-ਲੀਰ ਕਰਦੇ ਹੋਏ 'ਖਿਦਰਾਣੇ' ਦੀ ਢਾਲ 'ਤੇ ਪੁੱਜ ਗਏ। ਦੋਵੇਂ ਵੱਡੇ ਸਾਹਿਬਜ਼ਾਦੇ, ਪੰਜਾਂ 'ਚੋਂ ਤਿੰਨ 'ਪਿਆਰੇ', ਤੇ ਹੋਰ ਸਿੰਘ 'ਚਮਕੌਰ' ਦੀ ਰਣ-ਭੂਮੀ ਵਿਚ ਸ਼ਹੀਦ ਹੋ ਗਏ ਸਨ।ਦੋਵੇਂ ਛੋਟੇ ਸਾਹਿਬਜ਼ਾਦੇ, ਸੂਬਾ ਸਰਹਿੰਦ ਦੇ ਨਵਾਬ ਵਜ਼ੀਰ ਖ਼ਾਨ ਨੇ ਆਪਣੀ ਨਾ-ਕਮੀ ਦੀ ਕਾਲਖ਼ ਨੂੰ ਧੋਣ ਲਈ ਸਰਹਿੰਦ ਦੀ ਦੀਵਾਰਾਂ ਵਿਚ ਚਿਣਵਾ ਕੇ ਸ਼ਹੀਦ ਕਰਵਾ ਦਿੱਤੇ ਸਨ। ਸਤਿਗੁਰੂ ਜੀ ਦੇ ਮਾਤਾ ਗੁੱਜਰੀ ਜੀ ਵੀ ਠੰਡੇ ਬੁਰਜ ਵਿਚ ਕੈਦ ਹੋਣ ਉਪਰੰਤ ਸ਼ਹੀਦ ਹੋ ਗਏ ਸਨ, ਅਤੇ ਸਮੁੱਚਾ ਪਰਿਵਾਰ ਖੇਰੂੰ-ਖੇਰੂੰ ਹੋ ਜਾਣ ਦੇ ਬਾਵਜੂਦ, ਸਤਿਗੁਰੂ ਆਪਣੇ ਸਿੱਖਾਂ ਨੂੰ ਅੰਮ੍ਰਿਤ ਛਕਾਉਂਦੇ ਫਿਰ ਯੁੱਧ ਦੀਆਂ ਤਿਆਰੀਆਂ ਵਿਚ ਸਨ। ਇਸੇ ਅਸਥਾਨ 'ਤੇ ਹੀ ਮਾਈ ਭਾਗ ਕੌਰ ਤੇ ਭਾਈ ਮਹਾਂ ਸਿੰਘ, ਸਣੇ ਬੇਦਾਵੀਏ ਚਾਲੀ ਹੋਰ ਸਿੰਘ ਇਥੇ ਪੁੱਜੇ ਸਨ।

—ਤੇ ਫਿਰ ਦਸ਼ਮੇਸ਼ ਦੇ ਚਰਨਾਂ ਵਿਚ ਜੁੜੇ ਸਿੰਘਾਂ ਨੇ ਉਹਨਾਂ ਦੇ ਚਰਨਾਂ 'ਤੇ ਸੀਸ ਝੁਕਾ ਦਿੱਤੇ। ਭਾਈ ਮਹਾਂ ਸਿੰਘ, ਮਾਈ ਭਾਗ ਕੌਰ ਅਤੇ ਹੋਰ ਬੇਦਾਵੀਏ ਤੇ ਦੂਜੇ ਸਿੰਘਾਂ ਨੇ ਦੂਰੋਂ ਹੀ ਸਤਿਗੁਰੂ ਜੀ ਦਾ ਧਿਆਨ ਧਰ ਕੇ ਸੀਸ ਝੁਕਾਏ, ਅਰਦਾਸਾ ਸੋਧਿਆ, ਤੇ 'ਖਿਦਰਾਣੇ' ਦੀ ਢਾਬ ਦੇ ਇਰਦ-ਗਿਰਦ, ਜੰਗਲ ਵਿਚ ਮੋਰਚੇ ਮੱਲ ਲਏ।ਸਿੰਘਾਂ ਨੇ ਇਸ ਥਾਂ ਨੂੰ ਇਸ ਲਈ ਵੀ ਠੀਕ ਸਮਝਿਆ, ਕਿਉਂਕਿ ਢਾਬ ਸੁੱਕੀ ਹੋਈ ਸੀ, ਤੇ ਖ਼ਿਆਲ ਇਹੋ ਕੀਤਾ ਗਿਆ ਕਿ ਦੁਸ਼ਮਨ ਦਲ, ਜੋ ਵਜ਼ੀਰ ਖ਼ਾਂ ਸੂਬਾ ਸਰਹਿੰਦ ਦੀ ਤਾਬਿਆ, ਦਸ ਹਜ਼ਾਰ ਦੀ ਗਿਣਤੀ ਵਿਚ ਸਤਿਗੁਰੂ ਜੀ ਦਾ ਪਿੱਛਾ ਕਰ ਰਿਹਾ ਸੀ, ਪਹਿਲਾਂ ਇਸ ਢਾਬ 'ਤੇ ਕਬਜ਼ਾ ਕਰਨ ਦੀ ਕੋਸ਼ਿਸ਼ ਕਰੇਗਾ, ਤਾਂ ਜੋ ਸਿਪਾਹੀਆਂ ਨੂੰ ਪਾਣੀ ਪਿਲਾਇਆ ਜਾ ਸਕੇ।ਪਾਣੀ ਦੀ ਅਣਹੋਂਦ, ਸਿਪਾਹੀ ਲਈ ਨਿਰੀ ਮੌਤ ਹੁੰਦੀ ਹੈ, ਦੂਜੀ ਗੱਲ, ਇਥੇ ਵੱਡੀਆਂ-ਵੱਡੀਆਂ ਝਾੜੀਆਂ ਅਤੇ ਬੇਰੀਆਂ ਦੇ ਰੁੱਖਾਂ ਦੀ ਇਕ ਝੁੱਗੀ ਜਿਹੀ ਵੀ ਸੀ ਤੇ ਯੁੱਧ ਦੀ ਦ੍ਰਿਸ਼ਟੀ ਤੋਂ ਵੀ,ਇਹ ਜਗ੍ਹਾ ਲਾਭਦਾਇਕ ਸੀ। ਸਿੰਘਾਂ ਨੇ ਯੁੱਧ-ਨੀਤੀ ਅਨੁਸਾਰ, ਬੇਰੀਆਂ ਦੇ ਰੁੱਖਾਂ ਅਤੇ ਝਾੜੀਆਂ 'ਤੇ ਵੱਡੇ-ਵੱਡੇ ਚਾਦਰੇ ਪਾ ਦਿੱਤੇ, ਤਾਂ ਜੋ ਦੁਸ਼ਮਨਾ ਨੂੰ ਇਕ ਤਕੜੀ ਫੌਜ ਦੀ ਹੋਂਦ ਦਾ ਭੁਲੇਖਾ ਵੀ ਪਾਇਆ ਜਾ ਸਕੇ। ਇਸ ਤਰ੍ਹਾਂ, ਸੌ ਦੇ ਕਰੀਬ ਇਹ ਸਿੰਘ ਗਭਰੂ, ਜੱਥੇਦਾਰ ਮਹਾਂ ਸਿੰਘ ਤੇ ਮਾਈ ਭਾਗ ਕੌਰ ਦੀ ਸਰਦਾਰੀ ਥੱਲੇ ਹਰਾਵਲ ਦਸਤੇ ਵਾਂਗ ਦੁਸ਼ਮਨ ਦੀ ਉਡੀਕ ਵਿਚ ਮੋਰਚੇ ਮੱਲ ਕੇ ਬਹਿ ਗਏ।

ਜਿਉਂ ਹੀ ਵਜ਼ੀਰ ਖ਼ਾਂ, ਸਣੇ ਦਸ ਕੁ ਹਜ਼ਾਰ ਮੁਗਲਈ ਫੌਜਦੇ ਸਤਿਗੁਰੂ ਜੀ ਦੀ ਭਾਲ ਕਰਦਾ ਹੋਇਆ ਨੇੜੇ ਪੁੱਜਿਆ ਤਾਂ ਸਿੰਘਾਂ ਨੇ ਬੰਦੂਕਾਂ ਤੇ ਨੁਕੀਲੇ ਤੀਰਾਂ ਦੀ ਅਜਿਹੀ ਵਾਛੜ ਮਾਰੀ ਕਿ ਦੁਸ਼ਮਨ ਦਲਾਂ ਵਿਚ ਭੜਥੂ ਮੱਚ ਗਿਆ ਤੇ ਫਿਰ ਸਿੰਘਾਂ ਨੇ ਆਪਣੀਆਂ ਤੇਗਾਂ ਸੂਤ ਲਈਆਂ ਅਤੇ ਇੰਜ ਹੱਥੋ-ਹੱਥ ਲੜਾਈ ਵਿਚ, ਸੈਂਕੜੇ ਭਾੜੇ ਦੇ ਟੱਟੂਆਂ ਨੂੰ ਜਹੱਨਮ ਪਹੁੰਚਾ ਦਿੱਤਾ।ਸਿੰਘ ਕਟਦੇ, ਕਟੀਂਦੇ, ਤਦ ਤਕ ਯੁੱਧ ਰਚਾਉਂਦੇ ਰਹੇ, ਜਦ ਤਕ ਕਿਸੇ ਇਕ ਵੀ ਸਿੰਘ ਵਿਚ ਯੁੱਧਕਰਨ ਦੀ ਸ਼ਕਤੀ ਬਰ-ਕਰਾਰ ਰਹੀ। ਇਸ ਮੌਕੇ 'ਤੇ ਦਸਮੇਸ਼ ਪਾਤਸ਼ਾਹ ਜੀ ਨੇ ਵੀ ਦੂਰੋਂ 'ਟਿੱਬੀ'ਤੋਂ ਆਪਣੀ ਤੀਰ-ਅੰਦਾਜ਼ੀ ਦੇ ਖ਼ੂਬ ਜੋਹਰ ਵਿਖਾਏ ਅਤੇ ਤੀਰਾਂ ਦੀ ਬੁਛਾੜ ਨਾਲ ਆਪਣੇ ਸੂਰਮੇ ਸਿੰਘਾਂ ਦੀ ਸਹਾਇਤਾ ਕਰਦੇ ਰਹੇ। ਮਾਈ ਭਾਗ ਕੌਰ ਨੇ ਵੀ ਇਸ ਸਮੇਂ, ਕਮਾਲ ਦੀ ਹਿੰਮਤ ਵਿਖਾਈ ਅਤੇ ਆਪਣੀ ਸਾਂਗ ਨਾਲ ਕਈ ਦੁਸ਼ਮਣਾਂ ਦੇ ਸਰੀਰਾਂ ਨੂੰ ਪਰੋ ਘੱਤਿਆ। ਭਾਗ ਕੌਰ ਦੀ ਇਹ ਦੀਦਾ-ਦਲੇ



www.AKJ.Org

ਰੀ ਵੇਖ ਕੇ ਇਕ ਹੋਰ ਮੁਗਲ ਯੋਧਾ ਅੱਗੇ ਵਧਿਆ ਅਤੇ ਇਸ ਤੋਂ ਪਹਿਲਾਂ ਕਿ ਉਹ ਮਾਈ ਭਾਗ ਕੌਰ ਤੇ 'ਤੇ ਝੱਪਟਦਾ, ਸਤਿਗੁਰੂ ਜੀ ਦੇ ਤੀਰ ਨੇ ਉਸ ਨੂੰ ਜਹੰਨਮ ਦੇ ਰਾਹ ਦਾ ਰਾਹੀ ਬਣਾ ਦਿੱਤਾ। ਇੰਜ ਭਾਈ ਮਹਾਂ ਸਿੰਘ ਅਤੇ ਜੱਥੇ ਦੇ ਸਮੂੰਹ ਸਿੰਘਾਂ ਵਾਂਗ ਜੂਝਦੀ ਹੋਈ ਮਾਈ ਭਾਗ ਕੌਰ ਵੀ ਜ਼ਖ਼ਮੀ ਹੋ ਕੇ ਝਾੜੀਆਂ ਦੇ ਓਹਲੇ ਵਿਚ ਡਿੱਗ ਪਈ। ਕੋਈ ਵੀ ਸਿੰਘ ਹੁਣ ਰਣ-ਤੱਤੇ ਵਿਚ ਵੈਰੀ ਦਾ ਮੁਕਾਬਲਾ ਕਰਨ ਜੋਗਾ ਬਾਕੀ ਨਹੀਂ ਸੀ ਰਿਹਾ, ਸਿਵਾਏ, ਮਾਈ ਭਾਗ ਕੌਰ ਅਤੇ ਭਾਈ ਮਹਾਂ ਸਿੰਘ ਦੇ, ਜੋ ਡੂੰਘੇ ਜ਼ਖ਼ਮਾਂ ਕਾਰਨ ਮੂਰਛਿਤ ਪਏ ਸਨ। ਬਾਕੀ ਸਾਰੇ ਸਿੰਘ ਸੂਰਮਿਆਂ ਵਾਂਗ ਲੜਦੇ ਹੋਏ ਸਤਿਗੁਰੂ ਜੀ ਦੇ ਚਰਨਾਂ, ਅਤੇ ਉਹਨਾਂ ਦੇ ਮਿੱਥੇ ਆਦਰਸ਼ਾਂ ਤੋਂ ਆਪਣੀਆਂ ਜ਼ਿੰਦਗੀਆਂ ਨਿਛਾਵਰ ਕਰ ਗਏ ਸਨ। ਮੈਦਾਨ ਖਾਲੀ ਵੇਖ ਕੇ ਸੂਬੇਦਾਰ ਖ਼ੁਸ਼ ਹੋ ਗਿਆ।

ਵਜ਼ੀਰ ਖ਼ਾਂ ਨੇ, ਇਲਾਕੇ ਦੇ ਚੋਧਰੀ 'ਕਪੂਰੇ' ਨੂੰ ਪਾਣੀ ਬਾਰੇ ਪੁੱਛਿਆ, ਤਾਂ ਉਸ ਨੇ ਵਜ਼ੀਰ ਖ਼ਾਂ ਨੂੰ ਵਾਪਸ ਮੁੜਨ ਦੀ ਸਲਾਹ ਦੇਂਦਿਆਂ ਹੋਇਆ ਕਿਹਾ: ''ਨਵਾਬ ਸਾਹਿਬ, ਇਸ ਇਲਾਕੇ ਵਿਚ ਪਾਣੀ ਕਿਤੇ ਵੀ ਨਹੀਂ ਮਿਲੇਗਾ ਤੁਹਾਨੂੰ। ਜੇ ਅੱਗੇ ਵਧੋਗੇ, ਤਾਂ ਕੋਈ ੩੦ ਕੋਹ 'ਤੇ ਜਾ ਕੇ ਪਾਣੀ ਮਿਲੇਗਾ, ਹਾਂ ਜੇ ਫੌਜ ਵਾਪਸ ਪਰਤੇ, ਤਾਂ ਪਾਣੀ ਅੱਠਾਂ ਕੋਹਾਂ 'ਤੇ ਹੀ ਮਿਲ ਜਾਏਗਾ।''

—ਗਰਮੀ ਅਤੇ ਪਾਣੀ ਖੁਣੋਂ ਵਿਆਕੁਲ ਫੌਜ ਨੂੰ ਹਾਲੋਂ-ਬੇਹਾਲ ਹੁੰਦਿਆਂ ਵੇਖ ਕੇ, ਵਜ਼ੀਰ ਖ਼ਾਂ ਨੇ ਫੌਜ ਨੂੰ ਵਾਪਸ ਮੁੜਨ ਦਾ ਹੁਕਮ ਦੇ ਦਿੱਤਾ।ਤੇ ਇੰਜ ਦੁਸ਼ਮਨ ਦਲ, ਆਪਣੀ ਮਰ ਗਏ ਸਿਪਾਹੀਆਂ ਅਤੇ ਜ਼ਖ਼ਮੀਆਂ ਨੂੰ ਬੇ-ਸਹਾਰਾ ਛੱਡ ਕੇ ਪਿੱਛੇ ਨੂੰ ਪਰਤ ਪਿਆ।

—ਇਸ ਵੇਲੇ ਸ਼ਾਮਾਂ ਢਲ ਆਈਆਂ ਸਨ। ਸਤਿਗੁਰੂ ਪਾਤਸ਼ਾਹ ਆਪਣੇ ਸਿੱਖਾਂ ਸਮੇਤ, ਫੇਰ 'ਖਿਦਰਾਣੇ' ਦੀ ਢਾਬ 'ਤੇ ਪਰਤੇ ਤੇ ਵੇਖਿਆ ਕਿ ਇਕ-ਇਕ ਸਿੰਘ ਨੇ ਅਨੇਕਾਂ ਵਾਰੀ ਜ਼ਖ਼ਮ ਖਾ ਕੇ ਸ਼ਹਾਦਤ ਪ੍ਰਾਪਤ ਕੀਤੀ ਸੀ। ਇਥੇ ਉਹਨਾਂ ਨੇ ਬੀਰਤਾ ਦੇ ਲਾ-ਜਵਾਬ ਜੌਹਰ ਵਿਖਾਏ ਸਨ ਅਤੇ ਆਪਣੇ ਖ਼ੂਨ ਨਾਲ ਸਿੱਖ ਇਤਿਹਾਸ ਦਾ ਇਕ ਨਵਾਂ ਕਾਂਡ ਲਿਖਿਆ ਸੀ।

ਸਤਿਗੁਰੂ ਜੀ ਵਾਰੋ-ਵਾਰੀ ਹਰ ਸ਼ਹੀਦ ਹੋਏ ਸਿੰਘ ਦੀ ਦੇਹ ਕੋਲ ਜਾਂਦੇ, ਉਸ ਦਾ ਰੁਮਾਲ ਨਾਲ ਚਿਹਰਾ ਪੂੰਝਦੇ ਤੇ ਉਸ ਦੀ ਕੁਰਬਾਨੀ ਦੀ ਸ਼ਲਾਘਾ ਕਰਦੇ, ਇਹ ਕਾਰਜ ਕਰਦਿਆਂ ਹੋਇਆਂ, ਸਤਿਗੁਰੂ ਇਤਨੇ ਪਿਆਰ ਵਜਦ ਵਿਚ ਆਏ ਕਿ ਉਹ ਸ਼ਹੀਦ ਸਿੰਘਾਂ ਨੂੰ ਵਰਦਾਨ ਦੀਆਂ ਬਖ਼ਸ਼ਿਸ਼ਾਂ ਕਰਨ ਲੱਗ ਪਏ। ਹਰ ਇਕ ਸਿੰਘ ਦੀ ਦੇਹ ਕੋਲ ਜਾ ਕੇ ਆਖਦੇ, ''ਇਹ ਮੇਰਾ ਪੰਜ ਹਜ਼ਾਰੀ ਹੈ'', ''ਇਹ ਮੇਰਾ ਦਸ ਹਜ਼ਾਰੀ ਹੈ'', ''ਇਹ ਮੇਰਾ ਤੀਹ ਹਜ਼ਾਰੀ ਹੈ'', ਆਦਿ। ''ਇਹਨਾਂ ਗੁਰਸਿੱਖਾਂ ਨੇ ਆਪਣੀਆਂ ਜ਼ਿੰਦਗੀਆਂ ਕੁਰਬਾਨ ਕਰ ਕੇ ਸਿੱਖੀ ਨੂੰ ਬਚਾਅ ਲਿਆ। ਆਪਣੇ ਖ਼ੂਨ ਨਾਲ ਸਿੱਖੀ ਦੇ ਬੂਟੇ ਨੂੰ ਸਿੰਜ ਦਿੱਤਾ ਹੈ। ਧੰਨ ਹਨ, ਇਹ ਗੁਰਸਿੱਖ!''ਅਜਿਹੇ ਬਚਨ ਆਪ ਕਰਦੇ ਰਹੇ। ਤੇ ਇੰਜ ਹੀ ਜਦੋਂ ਉਹ ਇਕ ਸਿਸਕਦੇ ਹੋਏ ਸਿੰਘ ਕੋਲ ਪੁੱਜੇ, ਤਾਂ ਸਤਿਗੁਰੂ ਝੱਟ ਪਛਾਣ ਗਏ:

'ਭਾਈ ਮਹਾਂ ਸਿੰਘ! ਜੱਥੇਦਾਰ ਮਹਾਂ ਸਿੰਘ!!'

ਸਤਿਗੁਰੂ ਜੀ ਨੇ ਭਾਈ ਮਹਾਂ ਸਿੰਘ ਦੇ ਸਿਰ ਨੂੰ ਆਪਣੀ ਗੋਦ ਵਿਚ ਲਿਆ: ਰੁਮਾਲ ਨਾਲ ਚਿਹਰਾ ਪੂੰਝਿਆ, ਅਤੇ ਮੂੰਹ ਵਿਚ ਜਲ ਚੋਇਆ। ਕੁਝ ਪਲਾਂ ਪਿੱਛੋਂ ਸਿਸਕਦੇ ਹੋਏ ਭਾਈ ਮਹਾਂ ਸਿੰਘ ਨੇ ਅੱਖਾਂ ਖੋਲ੍ਹ ਦਿੱਤੀਆਂ, ਤੇ ਫਿਰ ਆਪਣੇ ਆਪ ਨੂੰ ਸਤਿਗੁਰੂ ਜੀ ਦੀ ਗੋਦ ਵਿਚ ਪਿਆ ਮਹਿਸੂਸ ਕਰ ਕੇ ਮਹਾਂ ਸਿੰਘ ਦੇ ਬੁਲ੍ਹ ਫਰਕੇ, ਅਤੇ ਨਾਲ ਹੀ ਅੱਖਾਂ 'ਚੋਂ ਨੀਰ ਵਹਿ ਤੁਰਿਆ।

''ਬਖ਼ਸ਼ਿੰਦ ਜੀਉ....ਪਿਤਾ....ਜੀਉ....।''

''ਪਿਆਰੇ ਗੁਰਸਿੱਖ, ਮੇਰੇ ਬੱਚੇ, ਮੰਗ ਕੁਝ। ਤੁਹਾਡੀ ਕਰਨੀ ਤੋਂ ਮੈਂ ਬਲਿਹਾਰ ਹਾਂ। ਅਸੀਂ ਬੜੇ ਖ਼ੁਸ਼ ਹਾਂ ਤੁਹਾਡੇ 'ਤੇ ਅਤੇ ਤੁਹਾਡੇ ਸੰਗੀ, ਸਾਥੀ ਗੁਰਸਿੱਖਾਂ 'ਤੇ।''



www.AKJ.Org

—ਭਾਈ ਮਹਾਂ ਸਿੰਘ ਨੇ ਆਪਣੇ ਜ਼ਖ਼ਮਾ ਦੀ ਪੀੜਾ ਨੂੰ ਭੁੱਲ ਕੇ, ਤੇ ਬੁਲ੍ਹਾਂ 'ਤੇ ਜੀਭ ਫੇਰਦਿਆਂ, ਬੜੀ ਮੁਸ਼ਕਲ ਨਾਲ ਇਹ ਸ਼ਬਦ ਆਖੇ:

''ਪਿਤਾ ਜੀਓ, ਅਸੀਂ ਬੱਚੜੇ ਆਂ ਤੁਹਾਡੇ, ਭੁੱਲਣਹਾਰ। ਜੇ ਤਰੁਠੇ ਓ, ਤਾਂ ਟੁੱਟੀ ਗੰਢ ਲਉ,...ਸਾਡਾ...ਬੇਦਾਵਾ ਪਾੜ ਦਿਉ.......ਮੁੜ ਜੋੜ ਲਓ, ਸਿੱਖੀ ਨਾਲ, ਸਭਨਾਂ ਨੂੰ, ਸਭਨਾਂ ਨੂੰ!''

—ਆਪਣੇ ਗੁਰਸਿੱਖ ਬੱਚੇ ਭਾਈ ਮਹਾਂ ਸਿੰਘ ਦਾ ਰੁਦਨ ਵੇਖ ਕੇ ਸਤਿਗੁਰੂ ਪਿਤਾ ਜੀ ਦਾ ਵਿਸ਼ਾਲ ਹਿਰਦਾ ਵੀ ਦ੍ਰਵ ਹੋ ਗਿਆ, ਤੇ ਉਹਨਾਂ ਦਾ ਵੈਰਾਗ ਵਿਚ ਗੱਚ ਭਰ ਆਇਆ।ਕੋਲ ਖਲੋਤੇ ਸਿੰਘਾਂ ਦੇ ਨੈਣ ਵੀ ਭਰ ਆਏ। ਤੇ ਫਿਰ ਸਤਿਗੁਰੂ ਜੀ ਨੇ ਭਾਈ ਮਹਾਂ ਸਿੰਘ ਦੇ ਮਸਤਕ 'ਤੇ ਪਿਆਰ ਦੇਂਦਿਆਂ ਹੋਇਆਂ ਫੁਰਮਾਇਆ:

''ਮਹਾਂ ਸਿੰਘ, ਮੇਰੇ ਲਾਡਲੇ ਬੱਚੇ, ਮੇਰੇ ਸੂਰਮੇ ਬੱਚੇ, ਮੱਤ ਘਬਰਾਓ, ਤੁਸੀਂ ਸਭ ਬਖ਼ਸ਼ੇ ਗਏ ਓ। ਤੁਸਾਂ ਸਿੱਖੀ ਦੀ ਰੱਖ ਵਿਖਾਈ ਏ! ਤੁਸੀਂ ਸਾਰੇ ਮੁਕਤ ਹੋ ਗਏ ਹੋ, ਜੀਵਨ ਮੁਕਤ ਹੋ ਗਏ ਓ।''

—ਭਾਈ ਮਹਾਂ ਸਿੰਘ ਨੇ ਫਿਰ ਸਿਸਕਦਿਆਂ ਹੋਇਆਂ ਬੜੀ ਮੁਸ਼ਕਲ ਨਾਲ ਬੇਨਤੀ ਕਰਨ ਲਈ ਆਪਣੇ ਹੱਥ ਜੋੜੇ ਤੇ ਬੋਲਿਆ:

''ਸੱਚੇ ਪਾਤਸ਼ਾਹੋ,....ਕਾਗ਼ਜ਼....ਫਾੜ ਦਿਓ !''

—ਸਤਿਗੁਰੂ ਜੀ ਨੇ ਬੇਦਾਵੇ ਵਾਲਾ ਕਾਗ਼ਜ਼ ਕੱਢਿਆ, ਤੇ ਭਾਈ ਮਹਾਂ ਸਿੰਘ ਨੂੰ ਦਿਖਾਉਂਦੇ ਹੋਏ ਫੁਰਮਾਇਆ:

ਗੋਬਿੰਦ ਸਿੰਘ ਨੂੰ ਆਪਣੇ ਭੁੱਲੜ ਬੱਚਿਆਂ 'ਤੇ ਵੀ ਆਸ ਰਹਿੰਦੀ ਹੈ, ਕਿ ਉਹ ਇਕ ਨਾ ਇਕ ਦਿਨ, ਸਿੱਖੀ ਦੇ ਦਰ-ਘਰ ਵੱਲ ਜ਼ਰੂਰ ਪਰਤਣਗੇ। ਵੇਖ, ਮਹਾਂ ਸਿੰਘ, ਇਸੇ ਆਸ ਨਾਲ ਅਸਾਂ ਤੁਹਾਡਾ 'ਬੇਦਾਵਾ' ਸੰਭਾਲ-ਸੰਭਾਲ ਰਖਿਆ ਹੈ, ਤੇ ਹੁਣ ਤੇਰੀਆਂ ਅੱਖਾਂ ਦੇ ਸਾਹਮਣੇ ਹੀ ਟੋਟੇ-ਟੋਟੇ ਕਰ ਰਹੇ ਹਾਂ।''

—ਤੇ ਕਲਗੀਧਰ ਪਾਤਸ਼ਾਹ ਨੇ ਰਹਿਮਤ ਦੇ ਘਰ ਵਿਚ ਆ ਕੇ, ਬੇਦਾਵੇ ਵਾਲਾ ਉਹ ਟੁਕੜਾ ਪਾੜ ਕੇ ਹਵਾ ਵਿਚ ਖਿੰਡਾਅ ਦਿੱਤਾ।ਤੇ ਭਾਈ ਮਹਾਂ ਸਿੰਘ ਦੇ ਬੁਲ੍ਹ ''ਧੰਨ ਗੁਰੂ ਗੋਬਿੰਦ ਸਿੰਘ'' ! ''ਧੰਨ ਗੁਰੂ ਗੋਬਿੰਦ ਸਿੰਘ!'' ਨਾਲ ਫਰਕਦੇ ਰਹੇ ।ਅੰਤ ਆਪ ਜੀ ਦਾ ਆਤਮਾ ਸੱਚ-ਖੰਡ ਪਿਆਨਾ ਕਰ ਗਿਆ।—ਤੇ ਇਉਂ ਇਕ ਇਤਿਹਾਸਕ ਕਾਮਨਾਮੇ ਨੂੰ ਸਰੋ-ਅੰਜਾਮ ਦੇ ਕੇ ਹਜ਼ੂਰ ਦਸਮੇਸ਼ ਸ਼ਹਿਨਸ਼ਾਹ ਉਠ ਖਲੋਤੇ।

—ਤੇ ਇਉਂ ਸਤਿਗੁਰੂ ਗੋਬਿੰਦ ਸਿੰਘ ਜੀ ਨੇ ਟੁੱਟੀ ਗੰਢ ਕੇ, ਤੇ ਭੁੱਲੜ ਗੁਰਸਿੱਖਾਂ ਨੂੰ ਆਪਣੇ ਕਲੇਜੇ ਨਾਲ ਘੁੱਟ ਕੇ ਇਕ ਵਾਰ ਫਿਰ ਸੰਸਾਰ 'ਤੇ ਪ੍ਰਤੱਖ ਕਰ ਦਿੱਤਾ ਕਿ ਸਤਿਗੁਰੂ ਸਦਾ ਬਖ਼ਸ਼ਿੰਦ, ਤੇ ਰਹਿਮ ਦਿਲ ਹਨ। ਗੁਰਸਿੱਖ ਆਪਣੀ ਗ਼ਲਤੀ ਦਾ ਅਹਿਸਾਸ ਕਰ ਲਏ, ਸੱਚੇ ਦਿਲੋਂ ਅਰਦਾਸ ਕਰੇ, ਅਤੇ ਸਿੱਖੀ ਆਦਰਸ਼ ਲਈ ਕੁਰਬਾਨੀ ਕਰਨ ਲਈ, ਫਿਰ ਤਿਆਰ-ਬਾਰ-ਤਿਆਰ ਹੋ ਜਾਏ, ਤਾਂ ਸਤਿਗੁਰੂ ਦਯਾ ਦੇ ਘਰ ਵਿਚ ਆ ਕੇ ਗੁਰਸਿੱਖਾਂ ਦੀਆਂ ਪਿਛਲੀਆਂ ਕੀਤੀਆਂ ਸਮੂੰਹ ਭੁੱਲਾਂ ਬਖ਼ਸ਼ ਦਿੰਦੇ ਹਨ।

ੳ-ਤ



www.AKJ.Org

# SRI GURU GRANTH SAHIB

*Ravinder Singh (Commerce Lecturer)*

Sri Guru Granth Sahib was compiled by Sri Guru Arjan Dev Ji, the fifth Guru, who collected the hymns of the first four Gurus and to these added his own. To ensure ideological purity and integrity of the hymns it was essential to differentiate the genuine compositions of the Gurus from the spurious ones. Accordingly, Sri Gurus Arjan Dev Jee the fifth Guru, undertook the enormous task of collecting, compiling and scrutinising the writings of the earlier Gurus.To locate the available texts. Sri Guru Arjan Dev Jee sent his aides to distant places which were visited by Guru Nanak Dev Jee during his four extended journeys known as Udasis. The fifth Guru successfully persuaed Baba Mohan jee, son of the third Guru to hand over the writings of the Gurus lying in his possession. Bhai Gurdas jee, was the first scribe of the Granth and Bhai Buddha jee the first head Granthi (priest).

The Adi Granth was formally installed in the Sri Harmandar Sahib at Amritsar in 1604. Apart from the compositions of the Sikh Gurus the contains the writings at 36 divinely inspired poets -Hindu saints, Muslim sufis and bards belonging to different castes, class and background from various parts of India ranging from 12th to 17th century. Thus temporally, the Scripture represents an embodiment of a quincentenary of religious, philosophical and linguistic, literary and cultural history. The hymns of the saints and poets conformed to the spirit of Sikhism and were consistent with the teachings of Guru Nanak. The standard published version of Sri Guru Granth Sahib covers 1430 pages with 27 lines per page and a total of about that a million words. It is perhaps the only scripture in the world which incorporates and sanctifies the writings of people who did not subscribe to the faith. In that sense it is the only non-denominational scripture that exists. The Guru Granth Sahib is a unique treasure and an admirable spiritual present to humanity at large.

Guru Granth Sahib is an enomous body with over 6000 verses. In all gurdwaras and many Sikh homes the Granth is read every day. On special occassions it is recited non-stop from cover to cover by a string of readers. This takes two days and nights or forty eight hours and is known as the akhand path (uninterrupted prayer). A seven-day recitation is known as the saptah path and is sometimes under taken in private homes as a mark of supplication on special occassion.

Despite the sanctity given to the Granth, it is not meant to be treated like an idol in a Hindu temple or the figures of Christ and Virgin Mary in a Catholic church. It is the source and not the object to prayer. Although there is no place of idolatory in Sikhism there prevails a wrong notion concerning the Granth-worship. As observed by the eminent Sikh scholar, Kapur Singh, "the reverence which is shown to the Guru Granth Sahib by the Sikhs is not bibliolatory. " Guru Granth Sahib is a means to the



www.AKJ.Org

worship of God through His Word, and not an object of worship in itself.

The contents of the scripture are commonly referred to as Bani or Gurbani. Any individual hymn from the Granth chaupads asatpadi, var, or chhant - is called a sabad or literally `word`. The usage evidently derives from the weight to emphasis laid by the Gurus on the doctrine of the sabad or Divine Word which according to Guru Nanak`s teaching is the vehicle of communication between God and man.

### The Theme of the Sri Guru Granth Sahib :

The theme of Sri Guru Granth Sahib is in essence the composition of Jap Ji Sahib. The Gurus make one fundamental declaration which they express in a wide variety of ways, building around it a coherent system of religious thought. The message is : salvation can be obtained through meditation on the divine Name that is God's Grace, and union is to be obtained by means of regular, persistent and diciplined meditation on the manifold expressions of the divine presence in the physical world and in human experience.

### Sri Guru Granth Sahib in Sikh Life

Sri Guru Granth Sahib is greeted with affectionate reverence because for the Sikhs it is the Guru. The same spirit which successively inhabited the bodies of the ten Gurus is now believed to dwell in the Granth. All aspects of Sikh worship relate directly to it and practically the entire content of all prayer is drawn from it. Many visit the gurdwara simply for darsan, or 'audience', with Sri Guru Granth Sahib. This consists of entering the gurdwara, prostrating oneself before the Granth, making an offering and accepting karah prasad, from granthi, or the priest. The formal service consists almost entirely of singing hymns form the scriptures. Groups of three ragis, or singers lead the congregation and those present may, if they wish, join in hymns they know. The Ardas which evolved since the time of the tenth Guru expresses with marked clarity the doctrine of the spiritual Guru embodied in the scripture. The concluding passage is :

*Agia bhai akal ki, tabi chalaio panth*
*sab sikhan kau hukam hai guru manio granth*
*Guru granth ji manio pargat guran ki deh*
*jo prabh ko milbo chahe khoj sabad me leh*

From the Timeless One there came the injunction,
in accordance with which was established the panth.
To all Sikhs there comes this command :
Acknolwedge the Granth as Guru.
For it is the manifest body of the Masters.
Ye who wants to meet Him,
seek Him in the word.



www.AKJ.Org

# Status of Woman Conferred by Guru Nanak Dev Ji

*Dr. Meharban Singh*

Guru Nanak Dev Ji conferred dignity on the women folk and raised their status in the society. This is one of his remarkable contributions to the social philosophy. If we analyse the pre-Guru Nanak period, the position of women was very dolorous. But with the advent of Sikhism where man become more precious in the sight of man, woman, too, gained a dignity and respect in the socio-religious set up.

Hinduism, had denied woman practically all share in immortality. She had no personal religion, no spiritual responsibility, no claim or role in the law of God. She was denied all access to the holy scriptures. She was to remain content with the mere performance of domestic, social and individual duties. Manu the law giver declared "Day and night woman must be kept in subordination to the males of family ; in childhood to the father, in youth to her husband, in old age to her sons." 1 So in Hinduism notorious subordination of woman seems to be primarily due to such 'lawgivers'. According to Manu, woman has no right to study the vedas. Literacy among women in older times was very rare because it was regarded even disreputable for them to go to 'pathshalas'. Learning was considred a qualification of ill-famed women.

Among Christians it is generally believed that woman is the devil's gate way and she destroys God's image in man. Dr. Radhakrishanan in his book `Religion and Society' writes. "Jesus did not marry ; and the whole idea of immaculate conception indicates that there is something unclean about the normal sex life."

In Islam woman has right of inheritance and has also right to be well maintained by her husband. But in gerneral, husband is considered superior to his wife. During her courses, she is considered unclean, then she can't engaged in the prayers or observe the fasts. In many countries `ulmas' still look with disfavour on her praying in mosques.

When we study the life and teachings of Guru Nanak, we can easily observe that he has bestowed on woman full equaility in every sphere of life. In social, religious, political or in any other field she can enjoy all the previledges which the men have. The Guru gave a befitting reply to the condemners of woman in the following words :

*From woman is man born*
*inside her is he conceived ;*
*To woman is man engaged ;*



www.AKJ.Org

*and woman he marries.*
*with woman is man's companionship.*
*From woman originate new generations.*
*Should woman die, is another sought;*
*By woman's help is man kept in restraint.*
*Why revile her of whom are born*
*great ones of the earth?*
*From woman is born woman, no*
*human being without woman is born.*
*Saith Nanak ! The holy Eternal*
*alone with woman can dispense." 2*

So, woman received great consideration from Guru Nanak. She was given equal status with men. The Guru took the women folk from the four walls of home to the holy places of worship. They were allowed to attend sercons with men. They could join in any religious service and they helped men when they cooked food in the Langar (Community Kitchen). And men and women could take meals together in the pangat (common mess). The Guru also welcomed women to the Sangat (religious conregation) and offered them seats alongwith men. Purdah (the veil system) was discouraged by Guru Nanak and later on by his successors. He condemned the Sati system which was strictly enforced by the third in succession i.e. Guru Amar Das. Thus Guru Nanak was the first Saint who made a serious attempt to uplift the status of women in the social setup of the world.

## NOTES :-

1. Ajit Singh Sikka; Facets of Guru Nanak's Thought, P.121.
2. Bhanḍ (i) janmiai bhand (i) ninmiai bhand (i) mangaṇ (u) Viaoh.
   Bhandoh hovai dosti bhanḍoh chali rãh (u).
   Bhanḍ (u) muã Bhanḍ (u) bhãliai bhanḍ (i) hovai bandhan (u)
   So kiu mandã ãkhiai jit (u) janmah (i) rãjãn.
   Bhanḍon hi bhanḍ (u) upjai bhandai bãjh (u) na koe.
   Nãnak bhandai bãhrã eko sachã soe.

*G.S.S. Rãg Ãsã. P. 473*



www.AKJ.Org

## ਸੂਰਾ ਵਾਸਤੇ ਚੰਦੇ ਤੇ ਹੋਰ ਰਕਮਾਂ ਹੇਠ ਲਿਖੀਆਂ ਥਾਵਾਂ ਤੇ ਜਮ੍ਹਾਂ ਕਰਵਾ ਕੇ ਰਸੀਦ ਲਓ ਜੀ।

### ਗੁਰਦੁਆਰਾ ਸ਼ਹੀਦ ਗੰਜ ਖਾਲਸਾ ਮੈਮੋਰੀਅਲ ਸਕੂਲ

### ਹੈੱਡ ਕੁਆਟਰ ਅਖੰਡ ਕੀਰਤਨੀ ਜਥਾ, ਰੇਲਵੇ ਕਲੋਨੀ ਬੀ-ਬਲਾਕ ਅੰਮ੍ਰਿਤਸਰ। ਫੋਨ : 546320

1 ਲੁਧਿਆਣਾ : (ੳ) ਭਾਈ ਭੁਪਿੰਦਰ ਪਾਲ ਸਿੰਘ ਜੀ ਪ੍ਰੀਤ ਸਿਲੈਕਸ਼ਨ, ਸ਼ਾਹਪੁਰ ਰੋਡ, ਨੇੜੇ ਸਭਾਨੀ ਬਿਲਡਿੰਗ, ਲੁਧਿਆਣਾ, ਫੋਨ 730604

(ਅ) ਸ: ਇਕਬਾਲ ਸਿੰਘ ਜੀ ਖਾਲਸਾ ਸ਼ਾਲਜ਼ ਮੋਚਪੁਰਾ ਬਜ਼ਾਰ, ਲੁਧਿਆਣਾ।

(ੲ) ਸ: ਅਜੀਤ ਸਿੰਘ 17/5 ਪਾਵਰ ਕਲੋਨੀ ਸਰਾਭਾ ਨਗਰ ਟੈਲੀਫੋਨ 458644, 459701

2 ਫਗਵਾੜਾ : ਮਾਸਟਰ ਗੁਰਦਿਆਲ ਸਿੰਘ ਜੀ, ਵਿਸ਼ਵਕਰਮਾ ਕਲੋਨੀ, ਨੇੜੇ ਵਿਸ਼ਵਕਰਮਾ ਮੰਦਰ, ਬੰਗਾ ਰੋਡ, ਫਗਵਾੜਾ। ਟੈਲੀਫੋਨ 68307

3 ਚੰਡੀਗੜ੍ਹ, ਮੋਹਾਲੀ: ਭਾਈ ਗੁਰਚਰਨ ਸਿੰਘ ਜੀ, ਮਕਾਨ ਨੰ: 236, ਵਾਰਡ ਨੰ: 1, ਚੰਡੀਗੜ੍ਹ ਰੋਡ, ਮੁੰਡੀ ਖਰੜ। ਖਰੜ, ਮੋਰਿੰਡਾ : ਟੈਲੀ: 01888- 46036

4 ਕਪੂਰਥਲਾ: ਭਾਈ ਚਰਨਪਾਲ ਸਿੰਘ, ਸਿੰਘ ਆਰਟਸ, ਨੇੜੇ ਸਟੇਟ ਗੁਰਦੁਆਰਾ ਸਾਹਿਬ।

5 ਪਟਿਆਲਾ:
1. ਸੰਦੀਪ ਪਾਲ ਸਿੰਘ S/o ਸ: ਰਵੇਲ ਸਿੰਘ 654/3 ਖਾਲਸਾ ਮੁਹੱਲਾ ਧਰਮਪੁਰਾ ਬਜ਼ਾਰ ਪਟਿਆਲਾ ਟੈਲੀ. 228703
2. ਸੁਲੱਖਣ ਸਿੰਘ ਖਾਲਸਾ ਨਿਸ਼ਾਨ ਸਟੋਰ ਦੁਕਾਨ ਨੰ: 14/15 ਗੁ: ਦੂਖ ਨਿਵਾਰਨ ਬਜ਼ਾਰ ਪਟਿਆਲਾ ਟੈਲੀ. 361415

6 ਅੰਮ੍ਰਿਤਸਰ
1. ਭਾਈ ਸਤਨਾਮ ਸਿੰਘ ਜੀ, ਪਿੰਡ ਚਾਚੋਵਾਲੀ, ਡਾਕਖਾਨਾ ਜੈਂਤੀਪੁਰਾ।
2. ਭਾਈ ਭੁਪਿੰਦਰ ਸਿੰਘ ਜੀ ਖਾਲਸਾ, 4969 ਅਜ਼ਾਦ ਨਗਰ, ਨੇੜੇ ਟਿਊਬਵੈਲ, ਤਾਰਾ ਸਿੰਘ ਕੋਟ ਖਾਲਸਾ, ਅੰਮ੍ਰਿਤਸਰ।

7 ਜਲੰਧਰ: ਸ: ਹਰਜੀਤ ਸਿੰਘ ਬੈਂਕ ਆਫ਼ ਇੰਡੀਆ ਸਤਲੁਜ ਮਾਰਕੀਟ ਨੇੜੇ ਬਸ ਸਟੈਂਡ ਜਲੰਧਰ ਸ਼ਹਿਰ ਫੋਨ : 462065

8 ਯਮੁਨਾਨਗਰ: ਭਾਈ ਇਕਬਾਲ ਸਿੰਘ ਜੀ, 536 ਲੋਹਾਰਾ ਗਲੀ, ਜਗਾਧਰੀ। ਫੋਨ 47341

9 ਫਿਰੋਜ਼ਪੁਰ: ਭਾਈ ਬਲਵਿੰਦਰ ਸਿੰਘ, ਹਾਤਾ ਨੰ: 48, ਬਜ਼ਾਰ ਨੰ: 1, ਫਿਰੋਜ਼ਪੁਰ ਛਾਉਣੀ।

10 ਪਠਾਨਕੋਟ: ਸ: ਹਰਭਜਨ ਸਿੰਘ M.E.S. ਪਠਾਨਕੋਟ।

11 ਅੰਬਾਲਾ:
1. ਭਾਈ ਮਨੋਹਰ ਸਿੰਘ ਜੀ ਪਿੰਡ ਤੇ ਡਾਕਖਾਨਾ ਨਸਰਾਲੀ ਵਾਇਆ ਜਤਵਾੜ ਅੰਬਾਲਾ ਸ਼ਹਿਰ।
2. ਭਾਈ ਭਗਵਾਨ ਸਿੰਘ ਵੈਦ 10 ਵੀਟਾ ਐਨਕਲੇਵ ਨੇੜੇ ਮਿਲਕ ਪਲਾਂਟ ਬਲਦੇਵ ਨਗਰ ਅੰਬਾਲਾ ਸ਼ਹਿਰ
3. ਸ: ਮਲਕੀਅਤ ਸਿੰਘ ਮਾਰਫਤ ਸਰਦਾਰ ਕਲਾਥ ਹਾਊਸ ਪਿੰਡ ਨਨਹੇੜਾ ਡਾ: ਕੁਲਦੀਪ ਨਗਰ ਅੰਬਾਲਾ


www.AKJ.Org

| | | |
|---|---|---|
| 12 ਬਠਿੰਡਾ : | | ਭਾਈ ਬਘੇਲ ਸਿੰਘ (ਗੋਬਿੰਦ ਸਿੰਘ) ਜੀ 7819 ਨੇੜੇ ਡੰਗਰਾਂ ਦਾ ਹਸਪਤਾਲ। ਫੋਨ: 217743 |
| 13 ਧੂਰੀ: | | ਮਾਸਟਰ ਹਰਭਜਨ ਸਿੰਘ ਜੀ, ਜਨਤਾ ਨਗਰ, ਨੇੜੇ ਵੀਨਸ ਗੈਸ ਏਜੰਸੀ, ਧੂਰੀ। ਫੋਨ 21253 |
| 14 ਸਰਹੰਦ: | | ਸ੍ਰ: ਰੁਪਿੰਦਰ ਸਿੰਘ ਜੀ, ਨੇੜੇ ਭਾਰਤ ਪੈਟਰੋਲੀਅਮ ਗੈਸ ਗੋਦਾਮ, ਸਿਨੇਮਾ ਰੋਡ, ਸਰਹੰਦ, ਜ਼ਿਲਾ ਫਤਹਿਗੜ੍ਹ ਸਾਹਿਬ, ਟੈਲੀਫੋਨ 01763-20760 |
| 15 ਪਾਉਂਟਾ ਸਾਹਿਬ: | | ਭਾਈ ਪਰਮਜੀਤ ਸਿੰਘ ਜੀ ਗੁਰੂ ਰਾਖਾ ਇੰਟਰਪ੍ਰਾਈਜ਼ਿਜ਼, ਪਾਉਂਟਾ ਸਾਹਿਬ, ਹਿਮਾਚਲ ਪ੍ਰਦੇਸ਼ ਫੋਨ : 01704-22367, ਘਰ 24067 |
| 16 ਬਟਾਲਾ: | 1. | ਭਾਈ ਸੁਖਰਾਜ ਸਿੰਘ ਜੀ ਸਾਹਮਣੇ ਗੁਰੂ ਨਾਨਕ ਦੇਵ ਅਕੈਡਮੀ ਜਲੰਧਰ ਰੋਡ। ਟੈਲੀ : 46566 |
| | 2. | ਸ੍ਰ: ਹਰਭਜਨ ਸਿੰਘ, ਖਾਲਸਾ ਲਾਇਬਰੇਰੀ, ਬਟਾਲਾ। |
| 17 ਦਿੱਲੀ: | 1. | ਗੁਰਪ੍ਰੀਤ ਸਿੰਘ 670 ਡਾਕਟਰ ਮੁਖਰਜੀ ਨਗਰ ਦਿੱਲੀ, ਟੈਲੀ: 7654833 |
| | 2. | ਸ੍ਰ: ਨਰਿੰਦਰ ਜੀ ਸਿੰਘ (ਗਾਮਾ) H. No. 58-C IInd floor St. No. 11 New Mahavir Nagar P.O. Tilak Nagar-New Delhi 110018 PH. Resi - 5155191 Office-590097-5449276 |
| 18 ਇੰਗਲੈਂਡ: | | ਭਾਈ ਹਰਦੀਪ ਸਿੰਘ ਜੀ, 218, Wexhan Road, Slough Berks SL25JP. Tel. 01753-530624 |
| 19 ਅਮਰੀਕਾ: | | ਭਾਈ ਜੀਵਨ ਸਿੰਘ ਜੀ, ਗੁਰਦੀਪ ਸਿੰਘ ਜੀ ਫੋਨ : 18007226212 |
| 20 ਆਸਟ੍ਰੇਲੀਆ: | | ਭਾਈ ਪਰਸ਼ੋਤਮ ਸਿੰਘ ਜੀ, ਫੋਨ : 0061-69634841 |
| 21 ਨਿਊਜ਼ੀਲੈਂਡ : | | ਭਾਈ ਮਹਿੰਦਰ ਸਿੰਘ ਜੀ, ਫੋਨ : 092702755 |



www.AKJ.Org

## ਸ੍ਰੀ ਦਰਬਾਰ ਸਾਹਿਬ ਅੰਮ੍ਰਿਤਸਰ ਵਿਖੇ
## ਪਵਿੱਤਰ ਸਰੋਵਰ ਦੀ 1984 ਵਿੱਚ ਕਰਵਾਈ ਗਈ ਕਾਰ-ਸੇਵਾ ਦੇ ਦ੍ਰਿਸ਼






www.AKJ.Org

R.N.I. NO. 12245/66 SURA-August 2001 P.O Regd.No. PB/0169/2001



ਪਾਠਕਾ ਨੂੰ ਸ਼੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਪ੍ਰਕਾਸ਼
ਦਿਵਸ ਦੀ ਲੱਖ ਲੱਖ ਵਧਾਈ ਹੋਵੇ

www.AKJ.Org